# ਕਾਮਰੇਡ

(ਨਾਟਕ ਮੇਜਰ ਦੇ ਘਰ ਤੋਂ ਸ਼ੁਰੂ ਹੁੰਦਾ ਹੈ। ਮੇਜਰ ਬਾਹਰੋਂ ਆ ਕੇ ਕਰਮੀ ਨੂੰ ਆਵਾਜ਼ ਦੇਂਦਾ ਹੈ।)

ਮੇਜਰ : ਕਰਮੀਏ, ਓ ਕਰਮੀਏ ਕਿੱਧਰ ਏ ?

ਕਰਮੀ : (ਅੰਦਰੋਂ ਨਿਕਲਕੇ) ਕੀ ਗੱਲ ਏ ?

ਮੇਜਰ : ਮੈਂ ਤੇਰੇ ਲਈ ਇਹ ਦਵਾਈ ਲਿਆਇਆ ਹਾਂ, ਗੋਲੀਆਂ ਨੇ, ਡਾਕਟਰ ਸਾਹਿਬ ਨੇ ਦਿੱਤੀਆਂ ਨੇ।

ਕਰਮੀ : ਮੈਂ ਤੈਨੂੰ ਕਿੰਨੀ ਵਾਰ ਕਿਹਾ ਏ ਕਿ ਇਹਨਾਂ ਗੋਲੀਆਂ 'ਤੇ ਪੈਸੇ ਨਾ ਉਜਾੜਿਆ ਕਰ, ਮੈਂ ਹੁਣ ਰਾਜ਼ੀ ਨਹੀਂ ਹੋਣਾ।

ਮੇਜਰ : ਡਾਕਟਰ ਕਹਿੰਦਾ ਸੀ, ਤੇਰੇ ਰੋਗ ਦਾ ਇਲਾਜ ਹੈ।

ਕਰਮੀ : ਮੈਨੂੰ ਪਤਾ ਏ, ਮੇਰੇ ਰੋਗ ਦਾ ਕੋਈ ਇਲਾਜ ਨਹੀਂ, ਤੂੰ ਕਰਜ਼ੇ ਚੁੱਕ ਚੁੱਕ ਕੇ ਦਵਾਈਆਂ ਲਿਆਉਂਦਾ ਏਂ, ਮਰਨ ਲੱਗਿਆਂ ਮੇਰੇ ਉਤੇ ਇਹ ਕਿਉਂ ਭਾਰ ਚੜ੍ਹਾਉਨਾ ਏ ? ਮੈਨੂੰ ਆਰਾਮ ਨਾਲ ਮਰਨ ਦੇ।

ਮੇਜਰ : ਹੈ, ਸਹੁਰੀ ਦੀ ਮੂਰਖ, ਨਾਲੇ ਇਲਾਜ ਕਰਵਾ ਰਿਹਾ ਹਾਂ, ਨਾਲੇ ਭਾਰ ਚੜ੍ਹਾ ਰਿਹਾ ਹਾਂ, ਤੇਰੇ ਵਰਗੀ ਮੂਰਖ ਜਨਾਨੀ ਨਹੀਂ ਮੈਂ ਦੇਖੀ ਕਿਤੇ ?

ਕਰਮੀ : ਤੇਰੇ ਵਰਗਾ ਮੂਰਖ ਬੰਦਾ ਵੀ ਨਹੀਂ ਮੈਂ ਵੇਖਿਆ ਕਿਤੇ, ਘਰ ਵਿਚ ਪੈਸਾ ਨਾ ਹੋਵੇ ਤੇ ਤੂੰ ਦਵਾਈਆਂ ਉਤੇ ਰੋੜ ਰਿਹਾ ਹੋਵੇ।

ਬਾਹਰੋਂ ਆਵਾਜ਼ : ਬਾਈ ਮੇਜਰਾ, ਘਰੇਂ ਹੀ ਏਂ ?

ਮੇਜਰ : ਲੈ, ਆਪਣਾ ਜੈਮਲ ਬਾਈ ਆ ਗਿਆ ਏ ਕਾਮਰੇਡ, ਉਹੀ ਤੈਨੂੰ ਸਮਝਾਵੇਗਾ, (ਉੱਚੀ ਸਾਰੀ) ਲੰਘ ਆ ਜੈਮਲਾ, ਘਰੇ ਹੀ ਆਂ, ਤੇਰੀ ਭਾਬੀ ਵੀ ਘਰੇ ਏ, ਬਿਲਕੁਲ ਤੰਦਰੁਸਤ।

ਜੈਮਲ : ਸਤਿ ਸ੍ਰੀ ਅਕਾਲ– ਮੇਜਰਾ, ਸਤਿ ਸ੍ਰੀ ਅਕਾਲ ਭਾਬੀ–

ਕਰਮੀ : ਸਤਿ ਸ੍ਰੀ ਅਕਾਲ–

ਮੇਜਰ : ਮੇਰੀ ਵੀ ਸਤਿ ਸ੍ਰੀ ਅਕਾਲ–

ਜੈਮਲ : ਭਾਬੀ, ਅੱਜ ਮੇਜਰ ਨੂੰ ਕੀ ਹੋਇਆ ਏ ?

ਕਰਮੀ : ਇਹ ਕਮਲਾ ਹੋਇਆ ਏ।

ਮੇਜਰ : ਹਾਂ ਮੈਂ ਕਮਲਾ ਹੋਇਆ ਹਾਂ, ਮੇਰਾ ਇੰਜਨ ਸੜ ਗਿਆ ਏ, ਝੋਨਾ ਪਾਣੀ ਖੁਣੋਂ ਮਰ ਗਿਆ ਏ, ਇਹ ਦਵਾਈ ਨਹੀਂ ਪੀਵੇਗੀ, ਇਹ ਵੀ ਮਰ ਜਾਏਗੀ।

ਕਰਮੀ : ਵੀਰਾ ਇਹਨੂੰ ਸਮਝਾ, ਇਹ ਐਵੇਂ ਡਾਕਟਰ ਹੋਰਾਂ ਕੋਲ ਚਲਾ ਜਾਂਦਾ ਏ, ਮਹਿੰਗੀਆਂ ਮਹਿੰਗੀਆਂ ਦਵਾਈਆਂ ਲਿਆਉਂਦਾ ਏ, ਉਹ ਮੈਨੂੰ ਮਾਫਕ ਨਹੀਂ ਆਉਂਦੀਆਂ, ਮੈਨੂੰ ਵੈਦ ਹੋਰਾਂ ਦੀ ਦਵਾਈ ਮਾਫਕ ਆਉਂਦੀ ਏ।

ਮੇਜਰ : ਆਹੋ, ਇਹਨੂੰ ਵੈਦ ਹੋਰਾਂ ਦੀ ਦਵਾਈ ਮਾਫਕ ਆਉਂਦੀ ਏ, ਜਿਹੜਾ ਇਕ ਰੁਪਏ ਵਿਚ ਵੀਹ ਪੁੜੀਆਂ ਦੇਂਦਾ ਏ।

ਕਰਮੀ : ਆਹੋ ਮੈਂ ਰੁਪਏ ਵਿਚ ਵੀਹ ਪੁੜੀਆਂ ਵਾਲੀ ਦਵਾਈ ਖਾਵਾਂਗੀ, ਰੁਪਏ ਦੀ ਇਕ ਗੋਲੀ ਵਾਲੀ ਦਵਾਈ ਨਹੀਂ ਖਾਵਾਂਗੀ।

ਮੇਜਰ : ਵੀਹ ਪੁੜੀਆਂ ਵਿਚ ਭਾਵੇਂ ਸਵਾਹ ਹੀ ਹੋਵੇ, ਵੈਦ ਹੋਰਾਂ ਨੂੰ ਰੋਗ ਦਾ ਪਤਾ ਵੀ ਸਵਾਹ ਜਿੰਨਾ ਏ, ਕਦੀ ਕਹਿੰਦੇ ਨੇ ਵਾਈ ਹੋ ਗਈ ਏ, ਕਦੀ ਕਹਿੰਦੇ ਨੇ ਗਰਮੀ ਹੋ ਗਈ ਏ, ਡਾਕਟਰ ਹੋਰਾਂ ਨੇ ਸਾਫ਼ ਕਿਹਾ ਏ ਕਿ ਖ਼ੂਨ ਦੀ ਕਮੀ ਏ, ਉਹਦੇ ਕਰਕੇ ਤਾਪ ਰਹਿੰਦਾ ਏ, ਕੁਝ ਤਾਪ ਦੀ ਦਵਾਈ ਲੈਣੀ ਪਏਗੀ, ਕੁਝ ਤਾਕਤ ਦੀ ਦਵਾਈ ਲੈਣੀ ਪਏਗੀ ਤਾਂ ਹੀ ਖ਼ੂਨ ਬਣੇਗਾ।

ਕਰਮੀ : ਤੇ ਜਿਹੜਾ ਕਰਜ਼ੇ ਦੀ ਫ਼ਿਕਰ ਨਾਲ ਖ਼ੂਨ ਨੁੱਚੜ ਜਾਏਗਾ, ਉਹਦੇ ਲਈ ਡਾਕਟਰ ਕਿਹੜੀ ਗੋਲੀ ਦੇਵੇਗਾ ? (ਮੇਜਰ ਵੱਲ ਵੇਖਦੀ ਹੈ ਮੇਜਰ ਚੁੱਪ ਹੈ) ਹੁਣ ਚੁੱਪ ਕਿਉਂ ਕਰ ਗਿਆ ਏਂ, ਜਵਾਬ ਦੇ ਇਹਦਾ।

ਮੇਜਰ : ਮੈਂ ਇਹਦਾ ਜਵਾਬ ਕੀ ਦੇਵਾਂ। ਇਹ ਜੈਮਲ ਬਾਈ ਕੋਲੋਂ ਪੁੱਛ, ਜਿਹੜਾ ਝੋਲਾ ਚੁੱਕਕੇ ਘਰ ਘਰ ਫਿਰਦਾ ਏ ਇਨਕਲਾਬ ਲਈ।

ਜੈਮਲ : ਆਹੋ, ਜਦੋਂ ਕੋਈ ਜਵਾਬ ਨਾ ਆਏ ਤਾਂ ਜੈਮਲ ਬਾਈ ਦੇ ਗੱਲ ਰੱਸਾ ਪਾ ਲਵੋ। ਜੇ ਜੈਮਲ ਇਹ ਆਖੇ ਕਿ ਇਹਦਾ ਇਲਾਜ ਹੋ ਸਕਦੈ, ਇਹਦੇ ਵਾਸਤੇ ਸਾਰਿਆਂ ਨੂੰ ਮਿਲਕੇ ਸੰਘਰਸ਼ ਕਰਨਾ ਪਏਗਾ ਤਾਂ ਜਵਾਬ ਮਿਲੇਗਾ, ਇਹ ਤਾਂ ਬਾਈ ਜੈਮਲਾ ਤੂੰ ਹੀ ਕਰਨਾ ਏ ਅਸੀਂ ਤਾਂ ਝੋਨੇ ਨੂੰ ਪਾਣੀ ਲਾਉਣਾ ਏ–

ਮੇਜਰ : ਝੋਨੇ ਨੂੰ ਪਾਣੀ ਸਵਾਹ ਲਾਉਣਾ ਏ, ਸਾਲਾ ਇੰਜਨ ਹੀ ਸੜਿਆ ਪਿਆ ਏ, ਤੇ ਇੰਜਨ ਤਾਂ ਸੜਿਆ ਪਿਆ ਏ ਕਿ ਇਹਦਾ ਤੇਲ ਨਹੀਂ ਬਦਲਿਆ ਤੇ ਤੇਲ ਤਾਂ ਨਹੀਂ ਬਦਲਿਆ ਕਿਉਂਕਿ ਘਰ ਵਿਚ ਪੈਸਾ ਨਹੀਂ ਇਸ ਲਈ ਨਹੀਂ ਕਿ ਕਰਮੀ ਬਿਮਾਰ ਏ, ਤੇ ਕਰਮੀ ਬਿਮਾਰ ਤਾਂ ਏ ਕਿ ਘਰ ਇਲਾਜ ਲਈ ਪੈਸਾ ਨਹੀਂ ਤੇ ਪੈਸਾ ਇਸ ਲਈ ਨਹੀਂ ਕਿ ਝੋਨਾ ਹਰ ਸਾਲ ਸੜ ਜਾਂਦਾ ਏ। ਇਹ ਸਾਲਾ ਗਧੀ ਗੇੜ ਹੀ ਨਹੀਂ ਸਮਝ ਆਉਂਦਾ। ਪਰ ਤੂੰ ਦੱਸ ਆਇਆ ਕਿਸ ਤਰ੍ਹਾਂ ਸੀ ?

ਜੈਮਲ : ਆਇਆ ਦੋ ਕੰਮ ਸਾਂ, ਇਕ ਭਾਬੀ ਬਾਰੇ ਪਤਾ ਕਰਨ ਤੇ ਦੂਜਾ ਪੰਚਾਇਤ ਵਾਲੀ ਜ਼ਮੀਨ ਜਿਹੜੀ ਤੂੰ ਠੇਕੇ ਲਈ ਏ, ਉਹਦੇ ਬਾਰੇ ਕੁਝ ਪੁੱਛਣਾ ਸੀ–

ਮੇਜਰ : ਭਾਬੀ ਤਾਂ ਤੇਰੀ ਬੜੀ ਤੰਦਰੁਸਤ ਏ ਇਹ ਤਾਂ ਮੈਂ ਪਹਿਲੇ ਹੀ ਦੱਸ ਦਿੱਤਾ ਏ। ਮੈਂ ਪੰਚਾਇਤ ਵਾਲੀ ਜ਼ਮੀਨ ਜਿਹੜੀ ਠੇਕੇ ਲਈ ਏ, ਉਹਦਾ ਝੋਨਾ ਪਾਣੀ ਖੁਣੋ ਸੜਿਆ ਪਿਆ ਏ, ਤੇ ਪਾਣੀ ਤਾਂ ਨਹੀਂ ਕਿ ਇੰਜਨ ਸੜਿਆ ਪਿਆ...

ਕਰਮੀ : ਤੇ ਇੰਜਨ ਤਾਂ ਸੜਿਆ ਏ ਕਿ ਕਰਮੀ ਬਿਮਾਰ ਏ– ਇਹ ਨਹੀਂ ਕਿ ਅਗਲੇ ਦੀ ਵੀ ਕੋਈ ਗੱਲ ਸੁਣਨੀ ਏ, ਹਰ ਵੇਲੇ ਆਪਣੇ ਹੀ ਦੁੱਖ ਰੋਣੇ ਨੇ।

ਜੈਮਲ : ਭਾਬੀ ਇਹ ਦੁੱਖ ਕੱਲੇ ਮੇਜਰ ਦੇ ਨਹੀਂ, ਘਰ ਘਰ ਦੇ ਨੇ।

ਕਰਮੀ : ਇਹੋ ਤਾਂ ਮੈਂ ਕਹਿੰਦੀ ਹਾਂ, ਘਰ ਘਰ ਦੇ ਨੇ, ਫੇਰ ਰੋਣਾ ਕਾਹਦਾ ?

ਜੈਮਲ : ਬਾਈ ਪਹਿਲਾਂ ਤਾਂ ਇਹ ਦੱਸ, ਕਿ ਉਹ ਨਿਆਂਈ ਵਾਲੀ ਪੰਚਾਇਤ ਦੀ ਬੰਜਰ ਜ਼ਮੀਨ ਠੇਕੇ ’ਤੇ ਲਈ ਕਿਉਂ ? ਤੇ ਜੇ ਲਈ ਵੀ ਤਾਂ ਉਸ ਜ਼ਮੀਨ ’ਤੇ ਝੋਨਾ ਲਾਇਆ ਹੀ ਕਿਉਂ ? ਉਹ ਤਾਂ ਸਾਰਾ ਘਰ ਖਾ ਜੂ।

ਮੇਜਰ : ਜੈਮਲਾ ਕਿਸਮਤ ਖੋਟੀ। ਜਦੋਂ ਮਾੜੇ ਦਿਨ ਆਉਂਦੇ ਨੇ ਕਿਸੇ ਨੂੰ ਪੁੱਛਕੇ ਨਹੀਂ ਆਉਂਦੇ, ਉਹ ਤਾਂ ਮੈਂ ਠੇਕੇਦਾਰ ਦੇ ਕਹੇ ’ਤੇ ਲੈ ਲਈ। ਕਹਿਣ ਲੱਗਾ ਕਿ ਮੇਜਰਾ ਤੂੰ ਆਪਣਾ ਬੰਦਾ ਏ– ਹੁਣ ਸਰਪੰਚੀ ਮੇਰੇ ਕੋਲ ਏ, ਲਾਹਾ ਖੱਟ ਲੈ, ਸਸਤੀ ਦੇ ਦੇਵਾਂਗੇ। ਕਹਿੰਦਾ ਨੀਵਾਂ ਥਾਂ ਏ ਝੋਨੇ ਤੋਂ ਪਾਣੀ ਨੀਂ ਸੁੱਕਣਾ, ਮੈਂ ਫਸ ਗਿਆ, ਸਾਲੇ ਮੇਰੇ ਤੇ, ਸਾਰਾ ਘਰ ਲਗ ਗਿਆ, ਇਹਦੇ ’ਚੋਂ ਤੇਲ ਦਾ ਖਰਚਾ ਪੂਰਾ ਨਹੀਂ ਹੋਣਾ।

ਜੈਮਲ : ਤਾਂ ਹੀ ਤਾਂ ਮੈਂ ਕਹਿਨਾ ਆਂ, ਜੋ ਲੈ ਲਈ ਸੀ ਤਾਂ ਇਹਦੇ ’ਚ ਮੱਕੀ ਜਾਂ ਮੂੰਗੀ ਲਾ ਦਿੰਦੇ। ਝੋਨੇ ਨੇ ਖੁੰਗਲ ਕਰ ਦੇਣਾ ਏ–

ਮੇਜਰ : ਸਾਨੂੰ ਤਾਂ ਜੈਮਲਾ ਸਾਰੇ ਸੌਦੇ ਹੀ ਖੁੰਗਲ ਕਰ ਦੇਣ ਵਾਲੇ ਪੱਲੇ ਪੈਂਦੇ ਨੇ– ਜ਼ਮੀਨ ਲਈ ਤਾਂ ਵੀ ਖੁੰਗਲ ਹੋ ਗਏ, ਵਿਆਹ ਕਰਵਾਇਆ ਤਾਂ ਵੀ ਖੁੰਗਲ ਹੋ ਗਏ। ਜ਼ਮੀਨ ਵੀ ਬਿਮਾਰ, ਕਰਮੀ ਵੀ ਬਿਮਾਰ।

ਜੈਮਲ : ਮੇਜਰਾ, ਭਾਬੀ ਬਾਰੇ ਇਹ ਗੱਲ ਨਾ ਆਖ, ਪਿਛਲੇ ਸਾਲ ਜਦੋਂ ਤੂੰ ਪੀਲੀਏ ਨਾਲ ਪਿਆ ਰਿਹਾ, ਜੇ ਭਾਬੀ ਤੇਰੇ ਕੋਲ ਨਾ ਹੁੰਦੀ ਤੂੰ ਤਾਂ ਵਾਹਿਗੁਰੂ ਨੂੰ ਪਿਆਰਾ ਹੋ ਜਾਣਾ ਸੀ।

ਕਰਮੀ : ਤੈਨੂੰ ਪਤਾ ਏ ਠੇਕੇਦਾਰ ਨੇ ਤੈਨੂੰ ਜ਼ਮੀਨ ਲੈਣ ’ਤੇ ਕਿਉਂ ਜ਼ੋਰ

ਪਾਇਆ।

ਜੈਮਲ : ਕਿਉਂ ਪਾਇਆ ?

ਜੈਮਲ : ਉਹ ਉਸ ਜ਼ਮੀਨ ਨੂੰ ਆਪਣਾ ਕਹਿਕੇ ਇਸ ਉਤੇ ਕਬਜ਼ਾ ਜਮਾਉਣਾ ਚਾਹੁੰਦਾ ਏ।

ਕਰਮੀ : ਮੈਨੂੰ ਤੇ ਪਹਿਲੇ ਹੀ ਸ਼ੱਕ ਪੈ ਗਿਆ ਸੀ ਕਿ ਠੇਕੇਦਾਰ ਅੱਗੇ ਪਿੱਛੇ ਕਦੀ ਘਰ ਨਹੀਂ ਆਇਆ ਤੇ ਉਹਨਾਂ ਦਿਨਾਂ ਵਿਚ ਦਲ੍ਹੀਜ਼ਾਂ ਪੁੱਟਣ 'ਚ ਉਹਨੇ ਕਸਰ ਨਹੀਂ ਛੱਡੀ।

ਜੈਮਲ : ਉਹਨੇ ਤੇਰੇ ਕੋਲ ਕਿਸੇ ਕਾਗਜ਼ 'ਤੇ ਦਸਖ਼ਤ ਵੀ ਕਰਵਾਏ ਸਨ ?

ਮੇਜਰ : ਆਹੋ, ਫੇਰ ਮੈਂ ਜਦੋਂ ਠੇਕੇ ਦੀ ਰਕਮ ਦਿੱਤੀ, 200 ਵਿਚੋਂ ਮੈਨੂੰ ਮੋੜ ਦਿੱਤੇ ਕਿ ਕਰਮੀ ਦੇ ਇਲਾਜ ਲਈ ਰੱਖ ਲੈ– ਵਿਚੋਂ ਗੱਲ ਕੀ ਏ ? ਤੂੰ ਕਿਹੜੀ ਸੋਚੇ ਪੈ ਗਿਆ ਏਂ ?

ਜੈਮਲ : ਇਸ ਠੇਕੇਦਾਰ ਨੇ, ਜਦੋਂ ਦਾ ਇਹ ਸਰਪੰਚ ਬਣਿਆ ਹੈ ਪਿੰਡ ਨੂੰ ਦੋਹੀਂ ਹੱਥੀਂ ਲੁੱਟਣਾ ਸ਼ੁਰੂ ਕਰ ਦਿੱਤਾ, ਪੰਚਾਇਤੀ ਵੰਡ ਵਿਚ ਵੀ ਹੇਰਾ ਫੇਰੀ ਤੇ ਹੁਣ ਪੰਚਾਇਤੀ ਜਾਇਦਾਦ ਨੂੰ ਵੀ ਨਿੱਜੀ ਜਾਇਦਾਦ ਬਨਾਉਣ ਦੇ ਚੱਕਰ ਵਿਚ ਏ– ਤੇ ਮੇਜਰਾ ਜਿਹੜੇ ਕਾਗਜ਼ 'ਤੇ ਤੂੰ ਦਸਖ਼ਤ ਕੀਤੇ, ਉਹਦੇ 'ਤੇ ਪਤਾ ਏ ਕੀ ਲਿਖਿਆ ਏ ?

ਮੇਜਰ : ਕੀ ਲਿਖਿਆ ਏ ?

ਜੈਮਲ : ਅਖੇ ਤੂੰ ਠੇਕੇਦਾਰ ਹਜ਼ਾਰਾ ਸਿੰਘ ਦੀ ਜ਼ਮੀਨ ਠੇਕੇ 'ਤੇ ਲਈ।

ਮੇਜਰ : ਹੈ ਕੰਜਰ।

ਕਰਮੀ : ਮੈਂ ਇਹਨੂੰ ਦਸਖ਼ਤ ਕਰਨ ਵੇਲੇ ਕਿਹਾ ਵੀ ਬਈ ਜਾਂ ਆਪ ਪੜ੍ਹ ਲੈ ਤੇ ਜਾਂ ਕਿਸੇ ਕੋਲੋਂ ਪੜ੍ਹਵਾ ਲੈ, ਪਰ ਮੇਰੀ ਇਹਨੇ ਸੁਣੀ ਨਾ।

ਮੇਜਰ : ਤੇਰੀ ਸੁਣਦਾ ਕਿਸ ਤਰ੍ਹਾਂ ? ਠੇਕੇਦਾਰ ਦੇ ਆਉਣ 'ਤੇ ਪੱਲਾ ਜਿਹਾ ਕਰਕੇ ਪਰ੍ਹੇ ਹੋ ਜਾਂਦੀ ਏ, ਘੁਸਰ ਮੁਸਰ ਕਰਕੇ ਬੋਲਦੀ ਏ, ਇਹ ਨਹੀਂ ਬਈ ਕਿ ਬੰਦਾ ਖੁੱਲ੍ਹਕੇ ਗੱਲ ਕਰੇ।

ਕਰਮੀ : ਕੋਈ ਲਾਜ ਸ਼ਰਮ ਵੀ ਵੱਡਿਆਂ ਦੀ ਹੁੰਦੀ ਏ।

ਮੇਜਰ : ਸਾਰੀ ਲਾਜ ਸ਼ਰਮ ਬਸ ਤੁਹਾਡੀ ਤੀਵੀਆਂ ਵਾਸਤੇ ਹੀ ਹੁੰਦੀ ਏ– ਹੁਣ ਇਹੋ ਗੱਲ ਜਿਹੜੀ ਤੂੰ ਹੁਣ ਕਹਿ ਰਹੀ ਏਂ, ਉਸ ਵੇਲੇ ਕਹਿੰਦੀ ਤਾਂ ਮੈਂ ਚਾਰ ਬੰਦਿਆਂ ਨੂੰ ਵੀ ਕੋਲ ਬੁਲਾ ਲੈਂਦਾ।

ਜੈਮਲ : ਪਰ ਠੇਕੇਦਾਰ ਨੇ ਤਾਂ 18 ਬੰਦਿਆਂ ਦੀ ਸਹੀ ਪਾਈ ਏ, ਕਿ ਉਹਨਾਂ ਦੀ ਹਾਜ਼ਰੀ ਵਿਚ ਤੂੰ ਦਸਖ਼ਤ ਕੀਤੇ–

ਮੇਜਰ : ਕਿਹੜੇ ਨੇ ਉਹ ਅਠਾਰਾਂ ਕੰਜਰ ?

ਕਰਮੀ : ਹੁਣ ਕਿਉਂ ਕਿਸੇ ਨੂੰ ਕੰਜਰ ਬਨਾਉਂਦਾ ਏਂ ? ਉਸ ਵੇਲੇ ਤਾਂ ਸਰਪੰਚ

ਦੀਆਂ ਤਰੀਫ਼ਾਂ ਕਰਦਾ ਨਹੀਂ ਸੀ ਹਟਦਾ। ਅਖੇ 200 ਰੁਪਏ ਦੇ ਗਿਆ ਏ। ਮੈਨੂੰ ਤਾਂ ਉਹਦੀ ਝਾਕਣੀ ਹੀ ਚੰਗੀ ਨਹੀਂ ਲਗਦੀ ਤਾਂ ਹੀ ਪੱਲਾ ਕਰ ਲੈਂਦੀ ਹਾਂ।

ਮੇਜਰ : ਆਹੋ ਠੇਕੇਦਾਰ ਨੇ ਵੇਖੀ ਨਹੀਂ ਨਾ ਹੋਣੀ ਤੇਰੀ ਵਰਗੀ ਹੂਰ ? ਜੈਮਲ ਦੱਸ ਫੇਰ ਹੁਣ ਕੀ ਕਰਨਾ ਏ ?

ਜੈਮਲ : ਹੁਣ ਤੂੰ ਕੀ ਕਰਨਾ ਏ ? ਤੂੰ ਮਸਤ ਰਹਿ। ਹੁਣ ਸਾਡੀ ਸਭਾ ਕਰੇਗੀ।

ਮੇਜਰ : ਹਲਾ ਬਾਈ ਤੁਹਾਡੀਆਂ ਤੁਸੀਂ ਜਾਣੋਂ ਸਾਨੂੰ ਤਾਂ ਏਨਾ ਪਤਾ ਏ ਕਿ ਸਾਡਾ ਇੰਜਨ ਤੇਲ ਖੁਣੋ ਸੜ ਗਿਆ, ਤੇ ਝੋਨਾਂ ਉਹਦੀ ਜਾਨ ਨੂੰ ਰੋਂਦਾ ਏ। ਹਾਂ ਬਾਈ ਤੁਹਾਡੀ ਸਭਾ ਕਹਿੰਦੀ ਏ ਕਿ ਦੇਸ਼ ਵਿਚ ਇਨਕਲਾਬ ਲਿਆਉਣਾ ਏ, ਭਲਾ ਜੇ ਇਨਕਲਾਬ ਆ ਗਿਆ ਤਾਂ ਫੇਰ ਕੀ ਹੋਊ ?

ਜੈਮਲ : ਬੜਾ ਕੁਝ ਹੋਊ ਮੇਜਰਾ, ਸਾਡਾ ਇਹ ਤੇਰੀਆਂ ਮੇਰੀਆਂ ਵਾਲਾ ਜੀਵਨ ਖਤਮ ਹੋਊ। ਗਰੀਬ ਅਮੀਰ ਦਾ ਫ਼ਰਕ ਹਟੇਗਾ, ਗਰੀਬ ਵੀ ਇਸ ਧਰਤੀ ਉਤੇ ਜਿਉਣ ਜੋਗੇ ਹੋ ਜਾਣਗੇ।

ਮੇਜਰ : ਅਸੀਂ ਨਿੱਕੇ ਹੁੰਦੇ ਸਾਂ ਤਾਂ ਇਹ ਗੱਲਾਂ ਉਹ ਠੇਕੇਦਾਰਾਂ ਦਾ ਬੁੜ੍ਹਾ ਕਰਦਾ ਸੀ ਕਿ ਆਜ਼ਾਦੀ ਆਵੇਗੀ। ਅੰਗਰੇਜ਼ਾਂ ਦੀ ਲੁੱਟ ਦੂਰ ਹੋਵੇਗੀ। ਫੇਰ ਸਾਰੇ ਰੱਜਕੇ ਖਾਣਗੇ। ਸਾਡਾ ਬਾਪੂ ਉਹਦਾ ਝੰਡਾ ਚੁੱਕੀ ਫਿਰਦਾ ਸੀ। ਆਜ਼ਾਦੀ ਤਾਂ ਆ ਗਈ ਪਰ ਅਸੀਂ ਵੇਖਿਆ, ਉਹ ਠੇਕੇਦਾਰਾਂ ਦੇ ਟੱਬਰ ਲਈ ਹੀ ਆਈ, ਗਰੀਬ ਦੀ ਤਾਂ ਪਹਿਲੇ ਵਾਕਣ ਹੀ ਕੁਟਾਈ ਹੁੰਦੀ ਏ– ਤੁਹਾਡਾ ਇਨਕਲਾਬ ਵੀ ਠੇਕੇਦਾਰ ਦੀ ਆਜ਼ਾਦੀ ਵਾਕਣ ਤਾਂ ਨਹੀਂ ਹੋਵੇਗਾ।

ਜੈਮਲ : ਅਸੀਂ ਤੈਨੂੰ ਠੇਕੇਦਾਰ ਵਾਕਣ ਲਗਦੇ ਹਾਂ ?

ਮੇਜਰ : ਨਾ ਤੁਹਾਡੀ ਤਾਂ ਗੱਲ ਹੀ ਹੋਰ ਏ– ਉਂਝ ਜੈਮਲਾ ਜਿਹੜੀ ਤੂੰ ਹੁਣੇ ਪੰਚਾਇਤੀ ਜ਼ਮੀਨ ਬਾਰੇ ਕਹੀ ਏ ਕਿ ਠੇਕੇਦਾਰ ਉਹਦੇ 'ਤੇ ਕਬਜ਼ਾ ਕਰਨਾ ਚਾਹੁੰਦਾ ਏ– ਉਸ ਵਿਚ ਪਟਵਾਰੀ ਦਾ ਵੀ ਕੋਈ ਹੱਥ ਏ ?

ਜੈਮਲ : ਉਹ ਤੂੰ ਕਿਉਂ ਪੁੱਛਦੈਂ ?

ਮੇਜਰ : ਪਟਵਾਰੀ ਨੇ ਵੀ ਮੈਨੂੰ ਇਕ ਦੋ ਵਾਰ ਕਿਹਾ ਸੀ ਕਿ ਇਹ ਜ਼ਮੀਨ ਮੈਂ ਠੇਕੇ 'ਤੇ ਲੈ ਲਵਾਂ।

ਜੈਮਲ : ਪਟਵਾਰੀ ਦਾ ਇਹਦੇ ਵਿਚ ਪੂਰਾ ਹੱਥ ਏ, ਉਹ ਠੇਕੇਦਾਰ ਦਾ ਤਾਂ ਬੰਦਾ ਏ।

ਮੇਜਰ : ਆਹੋ ਉਹਨੂੰ ਸਾਡੇ ਕੋਲੋਂ ਕੀ ਲੱਭਣੈ ? ਉਂਝ ਕਦੀ ਕਾਬੂ ਆ ਗਿਆ ਤਾਂ ਪੂਰੀ ਛਿੱਲ ਲਾਹ ਲੈਣਗੇ।

ਕਰਮੀ : ਛਿਲ ਤੇਰੇ ਵਰਗੇ ਲੁਹਵਾ ਲੈਂਦੇ ਨੇ। ਉਸ ਦਿਨ ਪਟਵਾਰੀ ਜਦੋਂ ਘਰ ਆਇਆ ਤਾਂ ਇਹਨੂੰ ਵਖ਼ਤ ਪੈ ਗਿਆ। ਕਦੀ ਆਖੇ ਕਰਮੀਏ ਚਾਹ ਰੱਖ ਲੈ, ਕਦੀ ਆਖੇ ਕੁਝ ਪਕੌੜੇ ਕੱਢ ਲੈ, ਤੇ ਫੇਰ ਪਤਾ ਨਹੀਂ ਕਿਥੋਂ ਬੋਤਲ ਦਾ ਇੰਤਜ਼ਾਮ ਵੀ ਕਰ ਲਿਆਇਆ।

ਮੇਜਰ : ਇਹ ਖੁਸ਼ੀ ਨਾਲ ਥੋੜ੍ਹਾ ਪਿਆ ਕਰਦਾ ਸਾਂ। ਉਹ ਜਿਹੜੇ ਚਾਰ ਕਿਲੇ ਰਹਿ ਗਏ ਨੇ, ਹੜਾਂ ਕਰਕੇ ਨੁਕਸਾਨ ਪਟਵਾਰੀ ਨੇ ਹੀ ਦਰਜ ਕਰਕੇ ਮਾਲੀਆ ਮੁਆਫ਼ ਕਰਵਾਉਣਾ ਏ। ਉਂਝ ਇਹ ਸਰਕਾਰੀ ਬੰਦੇ ਹੁੰਦੇ ਬੰਦੇ ਦੇ ਪੁੱਤ ਨੇ। ਭਾਵੇਂ ਸਿਪਾਹੀ ਹੋਵੇ, ਭਾਵੇਂ ਪਟਵਾਰੀ, ਬਸ ਬੰਦੇ ਦੀ ਛਿੱਲ ਲਾਹੁਣੀ ਹੀ ਉਹਦੀ ਨੌਕਰੀ ਹੁੰਦੀ ਏ–ਸਾਲਿਆਂ ਮੇਰਿਆਂ ਨੂੰ ਤਨਖਾਹ ਵੀ ਇਸੇ ਗੱਲ ਦੀ ਮਿਲਦੀ ਏ। ਉਂਝ ਬਾਈ ਜੈਮਲਾ, ਜਦੋਂ ਤੁਹਾਡਾ ਇਨਕਲਾਬ ਆਇਆ, ਫੇਰ ਵੀ ਇਹ ਇੰਝੇ ਰਹਿਣਗੇ।

ਜੈਮਲ : ਨਹੀਂ ਮੇਜਰਾ, ਫੇਰ ਤਾਂ ਉਹ ਸਗੋਂ ਤੇਰੇ ਕੋਲ ਆਉਣਗੇ, ਹੱਥ ਜੋੜਕੇ ਪੁੱਛਣਗੇ ਕਿ ਅਸੀਂ ਤੁਹਾਡੀ ਕੀ ਸੇਵਾ ਕਰ ਸਕਦੇ ਹਾਂ।

ਮੇਜਰ : ਲੈ ਇਹ ਗੱਲ ਕਰਕੇ ਤੂੰ ਜੀ ਖੁਸ਼ ਕਰ ਦਿੱਤੈ, ਨਹੀਂ ਤਾਂ ਇਹ ਇੰਜਨ ਦੇ ਕਾਲੇ ਤੇਲ ਵਾਕਣ ਸੜਿਆ ਪਿਆ ਸੀ। ਤੇ ਤੇਲ ਦੀ ਗੱਲ ਤੋਂ ਯਾਦ ਆ ਗਿਆ ਕਿ ਮੈਂ ਤੇਲ ਲੈਣ ਜਾਣਾ ਸੀ। ਪਤਾ ਲੱਗਾ ਤੇਲ ਆਇਆ ਏ ਪੰਪ 'ਤੇ। ਹਫ਼ਤਾ ਹੋ ਗਿਆ ਚੱਕਰ ਲਾਉਂਦਿਆਂ ਤੇਲ ਲਈ ਪੈਸੇ ਜੁੜੇ ਹੋਏ ਵੀ ਖੁਰਦ ਹੋ ਗਏ ਨੇ, ਪਹਿਲੇ ਸਾਲੇ ਮੇਰੇ ਥੁੜ ਕਰ ਦੇਂਦੇ ਨੇ, ਫੇਰ ਸਾਲੇ ਮੇਰੇ ਮੂੰਹ ਮੰਗੀ ਕੀਮਤ ਲਾ ਲੈਂਦੇ ਨੇ, ਅਗਲਾ ਬੋਲ ਨਹੀਂ ਸਕਦਾ।

ਕਰਮੀ : ਕੱਲ੍ਹ ਤੀਮੀਆਂ ਗੱਲਾਂ ਕਰਦੀਆਂ ਸਨ ਕਿ ਲਾਲੇ ਦੀ ਨਿੱਕੀ ਜਿਹੀ ਹੱਟੀ ਹੁੰਦੀ ਸੀ, ਹੁਣ ਪੰਪ ਵਾਲਾ ਬਣ ਗਿਆ ਏ, ਕੋਠੀ ਵੀ ਪਾ ਲਈ ਏ।

ਮੇਜਰ : ਜੈਮਲਾ, ਕਹਿੰਦੇ ਨੇ ਆਪਣੇ ਠੇਕੇਦਾਰ ਦਾ ਵੀ ਇਸ ਵਿਚ ਹਿੱਸਾ ਏ।

ਜੈਮਲ : ਠੇਕੇਦਾਰ ਦਾ ਤਾਂ ਹਰ ਗੱਲ ਵਿਚ ਹਿੱਸਾ ਏ, ਖਾਦ ਦੇ ਡੀਪੂ ਵਿਚ ਵੀ, ਕੀੜੇ ਮਾਰ ਦਵਾਈਆਂ ਵਾਲੀ ਜਿਹੜੀ ਅੱਡੇ 'ਤੇ ਦੁਕਾਨ ਏ, ਇਸ ਵਿਚ ਵੀ ਉਹਦਾ ਹਿੱਸਾ ਏ।

ਮੇਜਰ : ਤਾਹੀਓਂ ਤਾਂ ਆਜ਼ਾਦੀ ਦੇ ਗੁਣ ਗਾਉਂਦੇ ਨੇ, ਬਾਈ ਜੈਮਲਾ ਅਸੀਂ ਤੁਹਾਨੂੰ ਤਾਂ ਮੰਨਾਂਗੇ, ਜੇ ਤੁਸੀਂ ਇਹਨਾਂ ਦੀ ਘੀਸੀ ਕਰਵਾਓ।

ਜੈਮਲ : ਮੇਜਰਾ ਤੁਸੀਂ ਸਾਡਾ ਸਾਥ ਦੇਵੋ ਤਾਂ ਅਸੀਂ ਇਹਨਾਂ ਦੀ ਕੀ, ਇਹਨਾਂ ਦੇ ਵਡਿਆਂ ਦੀ ਘੀਸੀ ਕਰਵਾ ਦੇਈਏ। ਪਰ ਤੁਸੀਂ ਤਾਂ ਚਾਹੁੰਦੇ

ਹੋ, ਜੋ ਕਰੀਏ, ਅਸੀਂ ਹੀ ਕਰੀਏ।

ਮੇਜਰ : ਉਏ ਸੱਚ ਮੰਨ ਅਸੀਂ ਤਾਂ ਕਰਨ ਜੋਗੇ ਨੀ ਕੁਸ਼। ਆਪਣਾ ਤਾਂ ਇੰਜਨ ਹੀ ਸੜਿਆ ਰਹਿੰਦਾ ਏ। ਪਰ ਦੇਖੀਂ ਜੇ ਕਦੀ ਕੁਸ਼ ਹੋਇਆ ਤਾਂ ਪਿੱਠ ਨਹੀਂ ਦੇਣ ਵਾਲੇ। ਦਿਲੋਂ ਚੀਸ ਉੱਠਦੀ ਏ ਕਿ ਸਾਡੇ ਤੇ ਤਨ ਛਣ ਰਹੇ ਨੇ ਇਹਨਾਂ ਦੇ ਮਹਿਲ ਉਸਰਦੇ ਜਾਂਦੇ ਹਨ। ਹਵੇਲੀਆਂ ਉੱਚੀਆਂ ਹੁੰਦੀਆਂ ਜਾਂਦੀਆਂ ਨੇ–

ਜੈਮਲ : ਅੱਛਾ ਚਲ ਹੁਣ ਪੰਪ ਵੱਲ ਚਲਦੇ ਹਾਂ, ਮੈਂ ਵੀ ਲਾਲੇ ਨਾਲ ਇਕ ਗੱਲ ਕਰਨੀ ਏ। ਹਵੇਲੀਆਂ ਤੇ ਢਾਰੇ ਦੀਆਂ ਗੱਲਾਂ ਤਾਂ ਹੁੰਦੀਆਂ ਹੀ ਰਹਿਣੀਆਂ ਨੇ।

*(ਜਾਂਦੇ ਹਨ – ਕਰਮੀ ਗੀਤ ਛੋਹਦੀ ਹੈ।)*

ਉਚੀਆਂ ਹਵੇਲੀਆਂ ਤੇ ਤਾਜਾਂ ਵਿਚ ਜੜੀ ਸਾਡੀ,
ਚਾਵਾਂ ਅਤੇ ਸੱਧਰਾਂ ਦੀ ਲੋਅ
ਰਾਠਾਂ ਦੇ ਚਿਹਰਿਆਂ ’ਤੇ ਸੂਹੀ ਸੂਹੀ ਲਾਲੀ ਹਾੜ੍ਹਾ
ਨੂਰ ਸਾਡੀਆਂ ਕਿਰਤਾਂ ਦਾ ਹੋ
ਸੁੱਚੇ ਮੁੱਖ ਨੰਗੇ ਤਨ ਕਰੀਏ ਕਿਰਤ ਸੁੱਚੀ,
ਏਨੀ ਵੱਡੀ ਭਗਤੀ ਨਾ ਕੋ
ਵੱਡਿਆਂ ਚਲਾਕਾਂ ਪਰ ਭੁੱਖਨੰਗ ਸਾਰੀ,
ਬੰਨ੍ਹ ਦਿੱਤੀ ਸਾਡੇ ਪਲੇ ਹੋ
ਰਾਠਾਂ ਦਿਆਂ ਚਿਹਰਿਆਂ ’ਤੇ ਸੂਹੀ ਸੂਹੀ ਲਾਲੀ ਹਾੜ੍ਹਾ,
ਨੂਰ ਸਾਡੀਆਂ ਕਿਰਤਾਂ ਦਾ ਹੋ
ਪੁੱਤਾਂ ਵਾਂਗੂ ਪਾਲ ਪਾਲ, ਧੀਆਂ ਵਾਂਗੂੰ ਸਾਂਭ ਸਾਂਭ,
ਕਰੀਏ ਫ਼ਸਲ ਮੁਟਿਆਰ ਹੋ
ਚਿੱਟੇ ਦਿਨ ਲੁੱਟ ਲੈਂਦੇ ਸਾਡੀਆਂ ਤਾਂ ਇੱਜ਼ਤਾਂ ਨੂੰ,
ਸਾਡਿਆਂ ਹੱਕਾਂ ’ਤੇ ਛਾਪੇ ਮਾਰ ਹੋ
ਰਾਠਾਂ ਦਿਆਂ ਚਿਹਰਿਆਂ ’ਤੇ ਸੂਹੀ ਲਾਲੀ ਹਾੜ੍ਹਾ,
ਨੂਰ ਸਾਡੀਆਂ ਕਿਰਤਾਂ ਦਾ ਹੋ
ਉੱਚੀਆਂ ਹਵੇਲੀਆਂ ਦੇ ਤਾਜਾਂ ਵਿਚ ਜੜੀ ਸਾਡੀ
ਚਾਵ੍ਹਾਂ ਅਤੇ ਸਧਰਾਂ ਦੀ ਲੋਅ।

*(ਦੂਜੀ ਝਾਕੀ ਪਿੰਡ ਦੀ ਸੱਥ)*

ਲਾਲਾ : ਲਓ, ਸਰਦਾਰ ਜੀ, ਤੁਸੀਂ ਇਥੇ ਸੱਥ ਵਿਚ ਬੈਠੇ ਹੋ, ਮੈਂ ਤੁਹਾਨੂੰ ਘਰ ਲੱਭਦਾ ਆਇਆ ਹਾਂ।

ਠੇਕੇਦਾਰ : ਗੁਰਦੁਆਰੇ ਵੱਲੋਂ ਆਇਆ ਸਾਂ, ਮੈਂ ਕਿਹਾ ਸੱਥ ਵੱਲੋਂ ਹੀ ਲੰਘਦਾ

ਜਾਵਾਂ ਅਖ਼ਬਾਰ ਦੀਆਂ ਸੁਰਖੀਆਂ ਵੀ ਦੇਖ ਲਵਾਂਗਾ, ਨਾਲੇ ਲੋਕਾਂ ਵਿਚ ਅਜਕਲ ਦੀ ਖੁੰਢ ਚਰਚਾ ਚਲਦੀ ਹੈ ਉਹਦਾ ਵੀ ਪਤਾ ਲਗ ਜਾਏਗਾ।

ਲਾਲਾ : ਨਾ ਸਰਦਾਰ ਜੀ, ਤੁਹਾਨੂੰ ਭਲਾ ਇਹਦੀ ਕੀ ਲੋੜ ਪੈ ਗਈ ਏ, ਤੁਹਾਡੇ ਬੰਦੇ ਤਾਂ ਤੁਹਾਨੂੰ ਘਰ ਬੈਠੇ ਸਾਰੀਆਂ ਖ਼ਬਰਾਂ ਪਹੁੰਚਾਉਂਦੇ ਨੇ–

ਠੇਕੇਦਾਰ : ਉਹ ਕੰਜਰ ਕਈ ਵਾਰ ਗੱਲ ਵਧਾ ਘਟਾਕੇ ਦੱਸਦੇ ਨੇ। ਨਾਲੇ ਲੋਕਾਂ ਨਾਲ ਸਿੱਧਾ ਮੇਲ ਮਿਲਾਪ ਜ਼ਰੂਰੀ ਹੁੰਦਾ ਏ–

ਲਾਲਾ : ਆਹੋ ਜੀ, ਹੁਣ ਤੁਸੀਂ ਨਿਰੇ ਠੇਕੇਦਾਰ ਨਹੀਂ ਹੋ, ਸਰਪੰਚ ਵੀ ਹੋ, ਲੋਕਾਂ ਨਾਲ ਮਿਲਣਾ ਗਿਲਣਾ ਚੰਗਾ ਹੁੰਦਾ ਏ– ਪਤਾ ਲਗਣਾ ਚਾਹੀਦਾ ਏ ਕਿ ਲੋਕ ਕੀ ਗੱਲਾਂ ਕਰਦੇ ਨੇ, ਜਿਸ ਤਰ੍ਹਾਂ ਅਜਕਲ੍ਹ ਉਹ ਗੱਲਾਂ ਪਏ ਕਰਦੇ ਨੇ ਕਿ ਸਰਪੰਚ ਨੇ ਮੇਜਰ ਨੂੰ ਪੰਚਾਇਤ ਦੀ ਜ਼ਮੀਨ ਜਿਹੜੀ ਠੇਕੇ 'ਤੇ ਦਿੱਤੀ ਏ ਉਸ ਉਤੇ ਕਬਜ਼ਾ ਪੰਚਾਇਤ ਦਾ ਨਹੀਂ, ਠੇਕੇਦਾਰ ਦਾ ਹੀ ਦੱਸਿਆ ਹੋਇਆ ਏ ਤੇ ਹਾਲੀ ਤੱਕ ਠੇਕੇ ਦਾ ਲਿਆ ਪੈਸਾ ਪੰਚਾਇਤ ਫੰਡ ਵਿਚ ਨਹੀਂ ਪਾਇਆ। ਇਹ ਲੋਕ ਗੱਲਾਂ ਪਏ ਕਰਦੇ ਨੇ, ਮੈਂ ਨਹੀਂ ਕਰਦਾ।

ਠੇਕੇਦਾਰ : ਲੋਕ ਤੇ ਲਾਲਾ ਜੀ, ਇਹ ਵੀ ਗੱਲਾਂ ਕਰਦੇ ਨੇ ਕਿ ਲਾਲੇ ਦੀ ਹੱਟੀ ਤੋਂ ਜਿਹੜੀ ਕੀੜੇਮਾਰ ਦਵਾਈ ਵਿਕਦੀ ਏ ਉਹ ਅਸਲੀ ਨਹੀਂ, ਇਹ ਲੋਕ ਗੱਲਾਂ ਪਏ ਕਰਦੇ ਨੇ, ਮੈਂ ਨਹੀਂ ਕਰਦਾ।

ਲਾਲਾ : ਚਲੋ ਜੀ, ਮਿੱਟੀ ਪਾਓ ਇਹਨਾਂ ਗੱਲਾਂ 'ਤੇ, ਲੋਕਾਂ ਦੇ ਕਹੇ ਅਸੀਂ ਆਪਣੇ ਵਪਾਰ ਥੋੜ੍ਹਾ ਬੰਦ ਕਰ ਲੈਣੇ ਨੇ। ਉਂਝ ਮੇਰਾ ਮਤਲਬ ਏ ਕਿ ਪੰਚਾਇਤ ਵਾਲੀ ਜ਼ਮੀਨ ਦਾ ਅਸਲ ਕੀ ਏ ?

ਠੇਕੇਦਾਰ : ਅਸਲ ਉਹੀ ਏ ਜੋ ਕੀੜੇਮਾਰ ਦਵਾਈ ਵਿਚ ਮਿਲਾਵਟ ਦਾ ਅਸਲ ਏ। ਲੋਕਾਂ ਦੇ ਕਹੇ ਅਸੀਂ ਆਪਣੇ ਵਪਾਰ ਥੜ੍ਹਾ ਬੰਦ ਕਰ ਲੈਣੇ ਨੇ। ਸਰਪੰਚ ਬਨਣ ਵਾਸਤੇ ਜਿਹੜੇ ਮੇਰੇ 30–40 ਹਜ਼ਾਰ ਲੱਗੇ ਸਨ, ਉਹ ਕਿਧਰੋਂ ਤਾਂ ਕੱਢਣੇ ਨੇ।

ਲਾਲਾ : ਆਹੋ ਜੀ ਕੀੜੇਮਾਰ ਦਵਾਈ ਦੀ ਏਜੰਸੀ ਲੈਣ ਲਈ ਜਿਹੜਾ ਸਾਰਾ ਹਜ਼ਾਰਾਂ ਖਰਚਾ ਹੋਇਆ, ਅਸੀਂ ਕਿਧਰੋਂ ਤਾਂ ਕੱਢਣਾ ਹੋਇਆ ਲੋਕੀ ਇਹ ਨਹੀਂ ਸਮਝਦੇ।

ਠੇਕੇਦਾਰ : ਓਹੋ ਲੋਕੀ ਹੁਣ ਗੱਲਾਂ ਬਣਾਉਂਦੇ ਨੇ, ਜਿਹੜੇ ਚੋਣਾਂ ਵੇਲੇ ਦਾਰੂ ਪੀਣ ਵਿਚ ਵੀ ਸਾਰਿਆਂ ਨਾਲੋਂ ਅੱਗੇ ਸਨ।

ਲਾਲਾ : ਨਹੀਂ ਸਰਦਾਰ ਜੀ, ਇਸ ਗੱਲੋਂ ਤੁਸੀਂ ਗ਼ਲਤੀ ਵਿਚ ਹੋ। ਐਤਕੀ ਗਲ ਮੁੰਡਿਆਂ ਦੀ ਸਭਾ ਵੱਲੋਂ ਚੁੱਕੀ ਜਾ ਰਹੀ ਏ– ਦਾਰੂ ਪੀਣ

ਵਾਲਿਆਂ ਦੇ ਮੂੰਹ ਤਾਂ ਹਰ ਵੇਲੇ ਬੰਦ ਕਰਵਾਏ ਜਾ ਸਕਦੇ ਨੇ, ਪਰ ਇਹਨਾਂ ਮੁੰਡਿਆਂ ਦੀ ਗਲ ਹੋਰ ਏ। ਮੁੰਡਿਆਂ ਵਿਚ ਸਿਰ ਕੱਢਦਾ ਜੇ, ਜੈਮਲ, ਆਪਣੇ ਗਿਆਨੀ ਹੋਰਾਂ ਦਾ ਮੁੰਡਾ।

ਠੇਕੇਦਾਰ : ਮੈਨੂੰ ਵੀ ਸੂਹ ਲੱਗੀ ਏ ਲਾਲਾ ਜੀ, ਆਪਣਾ ਗਿਆਨੀ ਤਾਂ ਬੜਾ ਸਾਊ ਬੰਦਾ ਏ, ਰੱਬ ਦਾ ਨਾਂ ਲੈਣ ਵਾਲਾ, ਵੱਡਿਆਂ ਦਾ ਆਦਰ ਕਰਨ ਕਰਨ ਵਾਲਾ। ਪਰ ਮੁੰਡਾ ਨਿਰਾ ਖਰੂਦੀ।

ਲਾਲਾ : ਕੱਲ੍ਹ ਤੇਲ ਵਾਲੇ ਪੰਪ 'ਤੇ ਵੀ ਉਹਨੇ ਹੀ ਖਰੂਦ ਪਾਇਆ, ਮੇਰੇ ਖਿਲਾਫ਼ ਨਾਅਰੇ ਲਗਵਾਏ। ਸਰਦਾਰ ਜੀ, ਮੈਂ ਸਿਆਣਪ ਨਾਲ ਕੰਮ ਨਾ ਲੈਂਦਾ ਤਾਂ ਉਥੇ ਫਸਾਦ ਹੋ ਜਾਣਾ ਸੀ।

ਠੇਕੇਦਾਰ : ਸੁਣਿਐਂ ਤੁਸੀਂ ਸਿਆਣਪ ਇਹ ਵਿਖਾਈ ਕਿ ਉਹਨਾਂ ਦੀਆਂ ਸਾਰੀਆਂ ਗੱਲਾਂ ਹੀ ਮੰਨ ਲਈਆਂ।

ਲਾਲਾ : ਹੋਰ ਕੀ ਕਰਦਾ ? ਉਂਝ ਮੈਂ ਥਾਣੇ ਐਸ.ਐਓ.ਓ. ਨੂੰ ਸਾਰੀ ਗੱਲ ਸਮਝਾ ਦਿੱਤੀ ਏ। ਉਹ ਕਹਿੰਦਾ ਏ ਹੁਣ ਅੱਗੋਂ ਤੋਂ ਇਸ ਤਰ੍ਹਾਂ ਨਹੀਂ ਹੋਣ ਦੇਵੇਗਾ, ਪਹਿਲੇ ਹੀ ਫੋਰਸ ਭੇਜ ਦੇਵੇਗਾ। ਅਸੀਂ ਕੋਈ ਮਹੀਨਾ ਉਹਨੂੰ ਐਵੇਂ ਤਾਂ ਨਹੀਂ ਭੇਜਦੇ।

ਠੇਕੇਦਾਰ : ਆਹੋ ਜੀ, ਜੇ ਮੁੰਡੇ ਇਸ ਤਰ੍ਹਾਂ ਭੂਤਰਦੇ ਗਏ ਤਾਂ ਆਪਣੇ ਕੰਮ ਤਾਂ ਸਾਰੇ ਠੱਪ ਹੋ ਜਾਣੇ ਹੋਏ। ਹਾਂ, ਤੁਹਾਡੇ ਲਈ ਖ਼ਬਰ ਕਿ ਕਿਸੇ ਨਾ ਕਿਸੇ ਮਨਿਸਟਰ ਨੂੰ ਅਸੀਂ ਜਲਦੀ ਹੀ ਪਿੰਡ ਬੁਲਾ ਰਹੇ ਹਾਂ।

ਲਾਲਾ : ਐਤਕੀਂ ਕੀ ਪੱਜ ਲਗਾ ਰਹੇ ਹੋ ?

ਠੇਕੇਦਾਰ : ਖਿਆਲ ਏ ਕਿ ਗੁਰਪੁਰਬ ਤੇ ਹੀ ਬੁਲਾ ਲਈਏ।

ਲਾਲਾ : ਫੇਰ ਸਾਡੇ ਲਾਇਕ ਕੋਈ ਸੇਵਾ ਹੋਈ ਤਾਂ ਦੱਸਣੋ ਸੰਕੋਚ ਨਾ ਕਰਨਾ। ਗੁਰੂ ਸਾਹਿਬ ਸਾਡੇ ਸਾਰਿਆਂ ਦੇ ਸਾਂਝੇ ਹੀ ਨੇ।

*(ਮੇਜਰ ਆਉਂਦਾ ਹੈ)*

ਮੇਜਰ : ਲੈ ਠੇਕੇਦਾਰ ਸਾਹਿਬ ਵੀ ਇਥੇ ਨੇ ਤੇ ਲਾਲਾ ਜੀ ਵੀ ਇਥੇ ਨੇ। ਜ਼ਰੂਰ ਪਿੰਡ ਦੇ ਭਲੇ ਦੀ ਕੋਈ ਗੱਲ ਸੋਚ ਰਹੇ ਹੋਣੇ ਨੇ।

ਠੇਕੇਦਾਰ : ਸਤਿ ਸ੍ਰੀ ਅਕਾਲ, ਸਃ ਮੇਜਰ ਸਿੰਘ।

ਮੇਜਰ : (ਪਿਛੇ ਵੇਖਕੇ) ਸਃ ਮੇਜਰ ਸਿੰਘ।

ਠੇਕੇਦਾਰ : ਪਿਛੇ ਵੱਲ ਕੀ ਝਾਕਦੈਂ, ਤੈਨੂੰ ਹੀ ਕਿਹਾ ਏ।

ਮੇਜਰ : ਮੈਂ ਕਿਹਾ, ਅੱਗੇ ਤਾਂ ਮੈਂ ਮੇਜਰ ਹੀ ਹੁੰਦਾ ਸੀ, ਇਹ ਸਃ ਮੇਜਰ ਸਿੰਘ ਕਿਵੇਂ ਹੋ ਗਿਆ ? ਚੋਣਾਂ ਤਾਂ ਕੋਈ ਨੇੜੇ ਨਹੀਂ।

ਠੇਕੇਦਾਰ : ਦੇਖੋ ਲਾਲਾ ਜੀ, ਲਾ ਕੇ ਗੱਲ ਕਰਦੈ।

ਲਾਲਾ : ਮੇਜਰਾ, ਸੁਣਿਆ ਤੇਰੇ ਘਰੋਂ ਬਿਮਾਰ ਏ ?

ਮੇਜਰ : ਆਹੋ ਬਮਾਰ ਏ।

ਲਾਲਾ : ਫੇਰ ਉਹਦਾ ਕੋਈ ਇਲਾਜ ਕਰਾ।

ਮੇਜਰ : ਮੈਂ ਤਾਂ ਨਹੀਂ ਕਰਵਾ ਸਕਦਾ, ਜੇ ਤੁਸੀਂ ਕੁਝ ਕਰ ਸਕਦੇ ਹੋ ਤਾਂ ਕਰ ਲਵੋ-ਨਾਲੇ ਮੇਰਾ ਇੰਜਨ ਵੀ ਸੜ ਗਿਆ ਏ।

ਠੇਕੇਦਾਰ : ਮੇਜਰ ਸਿਆਂ ਕਿਉਂ ਦਿਲ ਛੱਡਦਾ ਏ, ਇਹ ਦੁੱਖ-ਸੁੱਖ ਤਾਂ ਆਉਂਦੇ ਹੀ ਰਹਿੰਦੇ ਨੇ। ਉਂਞ ਇਥੇ ਸੁਖੀ ਕੌਣ ਏ।

ਮੇਜਰ : ਸੁਖੀ ਹੋਣ ਵਾਲੇ ਸੁਖੀ ਹੀ ਨੇ, ਐਵੇਂ ਨਹੀਂ ਜੁੱਤੀਆਂ ਲਿਸ਼ਕਵੀਆਂ ਪਾ ਪਾ ਕੇ ਫਿਰਦੇ, ਪਤਾ ਨਹੀਂ ਕਿਹੜਾ ਰੋਗਨ ਲਗਾਉਂਦੇ ਨੇ ਘੱਟੇ ਵਿਚ ਤੁਰੋ ਤਾਂ ਵੀ ਘੱਟਾ ਨਹੀਂ ਪੈਂਦਾ। ਉਤੋਂ ਹੀ ਤਿਲਕ ਜਾਂਦਾ ਏ ਤੇ ਮਹਾਤੜਾਂ ਦੀ ਜੁੱਤੀ 'ਤੇ ਆ ਜੰਮਦੈ। ਇਵੇਂ ਸਾਲੇ ਦੁੱਖ ਵੀ ਇਹਨਾਂ ਤੋਂ ਤਿਲਕ ਕੇ ਸਾਨੂੰ ਆ ਲਗਦੇ ਨੇ। ਅੱਛਾ ਛੱਡੋ, ਇਹਨਾਂ ਗੱਲਾ ਨੂੰ, ਇਹ ਦੱਸੋ ਹੁਣ ਪਿੰਡ ਦਾ ਕੀ ਕਰ ਰਹੇ ਹੋ ?

ਠੇਕੇਦਾਰ : ਐਤਕੀਂ ਸਾਡਾ ਖਿਆਲ ਏ ਕਿ ਬਾਬੇ ਦਾ ਗੁਰਪੁਰਬ ਪਿੰਡ ਵਿਚ ਬੜੀ ਸ਼ਾਨ ਨਾਲ ਮਨਾਈਏ।

ਮੇਜਰ : ਕਿਉਂ ਐਤਕੀਂ ਬਾਬੇ ਨੇ ਖਾਸ ਜੰਮਣੈਂ ?

ਠੇਕੇਦਾਰ : ਓਏ ਨਹੀਂ, ਸਾਡਾ ਖਿਆਲ ਏ ਕਿ ਬਾਅਦ ਵਿਚ ਵੱਡਾ ਦੀਵਾਨ ਲੱਗੇ ਕਿਸੇ ਮਨਿਸਟਰ ਨੂੰ ਬੁਲਾ ਲਈਏ, ਪਿੰਡ ਲਈ ਕੋਈ ਨਾ ਕੋਈ ਸਹੂਲਤ ਦੇ ਹੀ ਜਾਏਗਾ।

ਮੇਜਰ : ਨਾਲੇ ਠੇਕੇਦਾਰਾ ਤੇਰੀ ਵੀ ਟੋਹਰ ਜਿਹੀ ਬਣ ਜਾਏਗੀ ਲੋਕਾਂ ਵਿਚ ਕਿ ਤੇਰੇ ਸਰਕਾਰੇ ਦਰਬਾਰੇ ਬੜੇ ਤੁਅਲਕ ਨੇ ਤੇ ਮਨਿਸਟਰੀ ਵਿਚ ਵੀ ਠੇਕੇਦਾਰ ਦੇ ਪਿੱਛੇ ਪਿੰਡ ਦੇ ਲੋਕ ਨੇ, ਇਸ ਲਈ ਠੇਕੇਦਾਰ ਨੂੰ ਕਿਸੇ ਨਾ ਕਿਸੇ ਬੋਰਡ ਦੇ ਚੇਅਰਮੈਨ ਬਣਾ ਦੇਵੋ।

ਲਾਲਾ : ਮੇਜਰ ਸਿਆਂ, ਜੇ ਆਪਣੇ ਸਰਦਾਰ ਹੋਰਾਂ ਨੂੰ ਚੇਅਰਮੈਨੀ ਮਿਲ ਗਈ ਤਾਂ ਪਿੰਡ ਦਾ ਕੋਈ ਭਲਾ ਹੀ ਹੋਵੇਗਾ। ਆਪਣੇ ਪਿੰਡ ਦਾ ਬੰਦਾ ਕਿਸੇ ਵੱਡੀ ਥਾਂ ਲੱਗਾ ਹੋਵੇ ਤਾਂ ਫਾਇਦਾ ਹੀ ਏ।

ਮੇਜਰ : ਫਿਰ ਇੰਞ ਕਰੀਏ ਠੇਕੇਦਾਰਾ, ਕਿ ਵਜ਼ੀਰ ਨੂੰ ਬੁਲਾ ਕੇ ਗੁਰਦੁਆਰੇ ਦੇ ਬਾਹਰ ਵਾਲੇ ਕਮਰੇ ਵਿਚ ਲਾਇਬ੍ਰੇਰੀ ਦਾ ਉਦਘਾਟਨ ਕਰਵਾ ਦੇਈਏ। ਮੁੰਡੇ ਬੜੀ ਦੇਰ ਤੋਂ ਇਕ ਲਾਇਬ੍ਰੇਰੀ ਖੋਲ੍ਹਣ ਬਾਰੇ ਸੋਚ ਰਹੇ ਨੇ।

ਠੇਕੇਦਾਰ : ਹਾਂ ਮੇਜਰਾ ਲਾਇਬ੍ਰੇਰੀ ਵੀ ਕੋਈ ਖੋਲ੍ਹਣ ਵਾਲੀ ਚੀਜ਼ ਏ ? ਉਹਦਾ ਭਲਾ ਕੀ ਫਾਇਦਾ ?

ਮੇਜਰ : ਕਿਉਂ ਉਥੇ ਅਖ਼ਬਾਰ ਆਵੇਗਾ। ਲੋਕ ਕੱਠੇ ਬੈਠਣਗੇ, ਦੁਨੀਆਂ

ਵਿਚ ਕੀ ਵਾਪਰ ਰਿਹਾ ਏ, ਉਹਦੇ ਬਾਰੇ ਗੱਲਬਾਤ ਕਰਨਗੇ।

ਠੇਕੇਦਾਰ : ਮੁੰਡੇ ਤੇ ਪਹਿਲੇ ਹੀ ਮੱਛਰੇ ਹੋਏ ਨੇ, ਕੱਠੇ ਹੋ ਕੇ ਬੈਠਣਗੇ, ਸਲ੍ਹਾਵਾਂ ਕਰਨਗੇ ਕਿ ਵੱਡਿਆਂ ਦੀ ਪੱਗ ਕਿੰਝ ਲਾਹੁਣੀ ਏ।

ਮੇਜਰ : ਕਈ ਵੱਡਿਆਂ ਨੇ ਤਾਂ ਪੱਗ ਲਾਹਕੇ ਪਹਿਲੇ ਹੀ ਕੱਛੇ ਮਾਰੀ ਹੋਈ ਏ। ਕੋਈ ਲਾਹਵੇਗਾ ਵੀ ਤੇ ਕੀ ਲਾਹਵੇਗਾ? ਬਾਕੀ ਠੇਕੇਦਾਰਾ ਸਾਰੇ ਮੁੰਡੇ ਤੇਰੇ ਬਿੰਦਰ ਵਾਕਣ ਨਹੀਂ।

ਠੇਕੇਦਾਰ : ਨਾਂ ਮੇਰੇ ਬਿੰਦਰ ਨੇ ਕੀ ਕੀਤਾ ਏ?

ਮੇਜਰ : ਅੱਜਕੱਲ੍ਹ ਉਹਨੂੰ ਪਰ ਜ਼ਰਾ ਬਹੁਤੇ ਹੀ ਲਗਦੇ ਜਾਂਦੇ ਨੇ। ਸਕੂਟਰ ਚੜ੍ਹਿਆ ਕੁੜੀਆਂ ਦੀਆਂ ਚੁੰਨੀਆਂ ਖਿੱਚਦਾ ਏ, ਕੋਈ ਚੰਗੀ ਗੱਲ ਨਹੀਂ, ਬਾਕੀ ਠੇਕੇਦਾਰਾ ਗੁਰਪੁਰਬ ਜ਼ਰੂਰ ਸ਼ਾਨ ਨਾਲ ਮਨਾਓ, ਬਾਬੇ ਦਾ ਨਾਂ ਉੱਚਾ ਹੋਵੇ, ਸਾਨੂੰ ਕੀ ਇਤਰਾਜ਼ ਏ। ਇਤਰਾਜ਼ ਹੈਗਾ ਤਾਂ ਇਕੋ ਹੀ ਏ ਕਿ ਸਾਨੂੰ ਉਹ ਭੁੱਲਿਆ ਬੈਠਾ ਏ ਤੇ ਫੁੱਲ ਕ੍ਰਿਪਾ ਓਹਨੇ ਤੇਰੇ ਵਰਗਿਆਂ 'ਤੇ ਹੀ ਕੀਤੀ ਏ। ਸਾਡਾ ਸਾਲਾ ਤਾਂ ਇੰਜਨ ਹੀ ਸੜਿਆ ਰਹਿੰਦਾ ਏ।

*(ਇਹ ਕਹਿੰਦਾ ਕਹਿੰਦਾ ਜਾਂਦਾ ਹੈ)*

ਠੇਕੇਦਾਰ : ਇਹ ਮੇਜਰ ਵੀ ਹੁਣ ਅਵਾ ਤਵਾ ਬੋਲਦਾ ਏ। ਇਹ ਵੀ ਉਸੇ ਜੜੇ ਜੈਮਲ ਦਾ ਹੀ ਅਸਰ ਏ। ਬਾਪੂ ਉਹਦਾ ਚੰਗਾ ਭਲਾ ਗਿਆਨੀ ਧਿਆਨ ਗੁਰੂ ਘਰਦਾ ਪ੍ਰੇਮੀ ਤੇ ਮੁੰਡਾ ਨਾਸਤਕਾਂ ਵਾਲੀਆਂ ਗੱਲਾਂ ਕਰਦੈ।

ਲਾਲਾ : ਪਰ ਸਰਦਾਰ ਜੀ, ਕੁਝ ਹੋਵੇ ਮੁੰਡਾ ਹੈ ਸਮਝਦਾਰ, ਕੱਲ੍ਹ ਦੀ ਗੱਲ ਲਵੋ, ਭਾਵੇਂ ਨਾਅਰੇ ਮੇਰੇ ਖਿਲਾਫ਼ ਉਹਨੇ ਲਗਵਾਏ ਪਰ ਭੀੜ ਨੂੰ ਕਾਬੂ ਰੱਖਣ ਵਾਲਾ ਵੀ ਉਹੀ ਸੀ।

ਠੇਕੇਦਾਰ : ਹੋਰ ਕਿੰਝ ਨਾਸਤਕ ਹੁੰਦੈ? ਲਾਲਾ ਜੀ, ਹੁਣ ਮੇਜਰ ਹੀ ਬਾਬੇ ਬਾਰੇ ਬੋਲ ਗਿਆ ਏ ਕਿ ਉਹ ਵੱਡਿਆਂ ਦਾ ਹਮਾਇਤੀ ਏ ਹੁਣ ਜੇ ਕੋਈ ਇੰਜਨ ਦਾ ਤੇਲ ਨਾ ਬਦਲੇ ਤਾਂ ਇੰਜਨ ਨੇ ਸੜਣਾ ਹੀ ਹੋਇਆ? ਇਹਦੇ ਵਿਚ ਬਾਬੇ ਦਾ ਕੀ ਕਸੂਰ ਏ? ਅਖੇ ਫੁੱਲ ਕ੍ਰਿਪਾ ਉਹਨੇ ਵੱਡਿਆਂ 'ਤੇ ਹੀ ਕੀਤੀ ਏ-ਹਾਂ ਤੇ ਲਾਲਾ ਜੀ, ਕੀ ਖਿਆਲ ਏ ਕਿ ਕਿਹੜੇ ਮਨਿਸਟਰ ਨੂੰ ਬੁਲਾਈਏ?

ਲਾਲਾ : ਇਹ ਸਰਦਾਰ ਜੀ ਤੁਹਾਡਾ ਮਹਿਕਮਾ ਏ, ਕੀਹਨੂੰ ਬੁਲਾਉਣਾ ਤੇ ਕਿਨੂੰ ਨਹੀਂ ਬੁਲਾਉਣਾ, ਅਸੀਂ ਤਾਂ ਜੋ ਸੇਵਾ ਕਹੋਗੇ ਕਰ ਦੇਵਾਂਗੇ। ਉਂਝ ਲਾਇਬ੍ਰੇਰੀ ਵਾਲੀ ਗੱਲ ਦਾ ਧਿਆਨ ਰੱਖਣਾ, ਪਿੰਡ ਵਿਚ ਬਹੁਤੇ ਲੋਕਾਂ ਦੀ ਰਜ਼ਾਮੰਦੀ ਹੋ ਜਾਏਗੀ।

ਠੇਕੇਦਾਰ : ਲਾਲਾ ਜੀ, ਇਹ ਲਾਇਬ੍ਰੇਰੀ ਵਾਲਾ ਸ਼ੋਸ਼ਾ ਵੀ ਉਸੇ ਜੈਮਲ ਦਾ ਛੱਡਿਆ। ਉਥੇ ਨਾਸਤਕਾਂ ਵਾਲੀਆਂ ਕਿਤਾਬਾਂ ਲਿਆ ਰੱਖਣਗੇ।

ਲਾਲਾ : ਨਾ ਆਪਾਂ ਧਾਰਮਿਕ ਕਿਤਾਬਾਂ ਵੀ ਲਿਆ ਰਖਾਂਗੇ। ਹਨੂੰਮਾਨ ਚਾਲੀਸਾ ਮੈਂ ਆਪਣੇ ਘਰੋਂ ਦੇਵਾਂਗਾ।

ਠੇਕੇਦਾਰ : ਧਾਰਮਿਕ ਕਿਤਾਬਾਂ ਕੌਣ ਪੜ੍ਹਦਾ ਏ ? ਤੁਸੀਂ ਹੀ ਦੱਸੋ ਕਿਸੇ ਮੁੰਡੇ ਨੂੰ ਵੇਖਿਆ ਜੇ ਗੁਰਦੁਆਰੇ ਜਾਂ ਮੰਦਰ ਪੈਰ ਪਾਉਂਦੇ ? ਚਾਰ ਮਾਈਆਂ, ਗੁਰਦੁਆਰੇ ਨਾ ਜਾਣ ਤਾਂ ਗੁਰਦੁਆਰੇ ਠੱਪ ਹੋ ਜਾਣ।

ਲਾਲਾ : ਇਹਦਾ ਫ਼ਿਕਰ ਨਹੀਂ ਸਰਦਾਰ ਜੀ, ਜਿੰਨਾਂ ਚਿਰ ਸਪੀਕਰ ਚਲਦੇ ਰਹਿਣਗੇ, ਧਰਮ ਦਾ ਪਰਚਾਰ ਹੁੰਦਾ ਹੀ ਰਹੇਗਾ, ਬੰਦੇ ਗੁਰਦੁਆਰੇ ਨਾ ਆਉਣ ਘਰ ਮੰਜਿਆਂ 'ਤੇ ਸੁੱਤੇ ਰਹਿਣ, ਪਰ ਧਰਮ ਦੀ ਆਵਾਜ਼ ਤਾਂ ਉਹਨਾਂ ਦੇ ਕੰਨਾਂ ਵਿਚ ਪੈਂਦੀ ਹੀ ਰਹੇਗੀ। ਹਾਂ ਤੇ ਤੁਹਾਡੇ ਨਾਲ ਇਕ ਗੱਲ ਕਰਨੀ ਸੀ।

ਠੇਕੇਦਾਰ : ਉਹ ਖਾਦ ਦੇ ਡੀਪੂ ਵਾਲੀ।

ਲਾਲਾ : ਆਹੋ ਉਹੀ।

ਠੇਕੇਦਾਰ : ਪਰ ਲਾਲਾ ਜੀ, ਉਹ ਅਫ਼ਸਰ ਪੈਸੇ ਬਹੁਤੇ ਮੰਗਦਾ ਏ।

ਲਾਲਾ : ਕਿੰਨੇ ਕੁ ਬਹੁਤੇ ਮੰਗਦਾ ਏ ?

ਠੇਕੇਦਾਰ : ਪੰਜ ਹਜ਼ਾਰ ਮੰਗਦਾ ਏ।

ਲਾਲਾ : ਫੇਰ ਦੇ ਦੇਵਾਂਗੇ।

ਠੇਕੇਦਾਰ : ਆਹੋ ਤੁਸੀਂ ਕਿਹੜਾ ਖਾਦ ਖਾਲਿਸ ਵੇਚਣੀ ਏ, ਜਿੰਨਾਂ ਉਹਨੂੰ ਦੇਵੋਗੇ, ਓਨੀ ਮਿੱਟੀ ਰਲਾ ਦੇਣੀ ਤੇ ਨਵੀਂ ਖਾਦ ਦਾ ਰੰਗ ਵੀ ਤਾਂ ਮਿੱਟੀ ਵਰਗਾ ਏ, ਪਤਾ ਨਹੀਂ ਲੱਗਣਾ ਮਿੱਟੀ ਨਾਲ ਸਭ ਮਿੱਟੀ ਹੋ ਜਾਏਗਾ।

ਲਾਲਾ : ਉਂਝ ਤਾਂ ਠੇਕੇਦਾਰ ਜੀ ਸਭ ਕੁਝ ਆਖਰ ਮਿੱਟੀ ਹੋ ਜਾਣਾ ਏ, ਬੰਦਿਆਂ ਤੂੰ ਖਾਕ ਦੀ ਢੇਰੀ, ਕਿਉਂ ਕਰਦੈਂ ਮੇਰੀ ਤੇਰੀ।

ਠੇਕੇਦਾਰ : ਇਹ ਲਾਲਾ ਜੀ ਧਰਮ ਦੀਆਂ ਗੱਲਾਂ ਨੇ ਜਿਹੜੇ ਇਹ ਮੁੰਡੇ ਨਹੀਂ ਸਮਝਦੇ, ਇਹਨਾਂ ਨੂੰ ਸਮਝਾਉਣ ਲਈ ਹੀ ਗੁਰਦੁਆਰੇ ਵਿਚ ਚਾਰ ਸਪੀਕਰ ਹੋਰ ਲਗਵਾ ਦਿੱਤੇ ਨੇ।

ਲਾਲਾ : ਮੇਰੇ ਕੋਲ ਵੀ ਮੰਦਰ ਵਾਲੇ ਆਏ ਸਨ, ਮੈਂ ਕਿਹਾ ਸਪੀਕਰ ਵੀ ਲਗਵਾ ਲਵੋ ਤੇ ਘੰਟੀਆਂ ਵੀ ਵੱਡੀਆਂ ਲਗਵਾ ਲਵੋ ਤਾਂ ਜੋ ਆਵਾਜ਼ ਦੂਰ ਦੂਰ ਜਾ ਸਕੇ।

ਠੇਕੇਦਾਰ : ਲਾਲਾ ਜੀ ਰੱਬ ਦੇ ਨਾਂ ਦੀਆਂ ਘੰਟੀਆਂ ਵੱਜਣੀਆਂ ਚਾਹੀਦੀਆਂ ਨੇ, ਲਾਇਬ੍ਰੇਰੀਆਂ ਨਹੀਂ ਖੁੱਲ੍ਹਣੀਆਂ ਚਾਹੀਦੀਆਂ, ਤਾਹੀਓਂ ਤਾਂ

ਸਾਡਾ ਤੁਹਾਡਾ ਵਪਾਰ ਚੱਲੇਗਾ।

ਲਾਲਾ : ਇਹਦੇ ਵਿਚ ਕੀ ਸ਼ੱਕ ਏ ? ਫੇਰ ਕਦੋਂ ਤੱਕ ਕੰਮ ਹੋ ਜਾਏਗਾ।

ਠੇਕੇਦਾਰ : ਤੁਸੀਂ ਫ਼ਿਕਰ ਨਾ ਕਰੋ, ਸੀਜ਼ਨ ਤੋਂ ਪਹਿਲਾਂ ਹੋ ਜਾਏਗਾ ਬਸ ਤੁਸੀਂ ਰਕਮ ਤਿਆਰ ਰੱਖਣੀ।

ਲਾਲਾ : ਅੱਛਾ ਜੀ, ਸਤਿ ਸ੍ਰੀ ਅਕਾਲ। (ਜਾਂਦਾ ਹੈ)

ਠੇਕੇਦਾਰ : ਲਾਲਾ ਵੀ ਲਾਇਬ੍ਰੇਰੀ ਦੀ ਗੱਲ ਕਰਦਾ ਸੀ ਆ ਗਿਆ ਨਾ ਇਕੋ ਮਾਰ ਨਾਲ ਘੰਟੀਆਂ ਉਤੇ, ਮੇਜਰ ਨਾਲ ਵੀ ਨਿਬੜਾਂਗਾ, 200 ਰੁਪਏ ਦੀ ਜਿਹੜੀ ਛੋਟ ਕੀਤੀ ਸੀ, ਉਹ ਵਾਪਸ ਮੰਗੇ ਤਾਂ ਉਹ ਵੀ ਆ ਜਾਏਗਾ ਆਨੇ ਵਾਲੀ ਥਾਂ 'ਤੇ।

*(ਆਕੜ ਨਾਲ ਤੁਰਦਾ ਜਾਂਦਾ ਹੈ।)*

## ਝਾਕੀ ਤੀਜੀ

(ਮੇਜਰ ਦਾ ਘਰ)

ਜੈਮਲ : ਬਾਈ ਮੇਜਰਾ, ਇਹ ਤੈਨੂੰ ਭਰੀ ਸਭਾ ਵਿਚ ਕਹਿਣਾ ਪਵੇਗਾ ਕਿ ਜਦੋਂ ਤੂੰ ਦਸਖ਼ਤ ਕੀਤੇ ਤਾਂ ਸਰਪੰਚ ਨੇ ਕਿਹਾ ਸੀ ਕਿ ਜ਼ਮੀਨ ਪੰਚਾਇਤ ਦੀ ਏ, ਤੇ ਉਸ ਵੇਲੇ ਉਥੇ ਹੋਰ ਕੋਈ ਹਾਜ਼ਰ ਨਹੀਂ ਸੀ।

ਮੇਜਰ : ਬਾਈ ਜੈਮਲਾ ਮੈਨੂੰ ਕਿਉਂ ਇਹਨਾਂ ਝਮੇਲਿਆਂ ਵਿਚ ਪਾਉਨਾ ਏ। ਮੇਰਾ ਤਾਂ ਇੰਜਨ ਸੜ ਗਿਆ ਏ ਤੇ ਝੋਨਾ ਸੁੱਕਾ ਪਿਆ ਏ। ਜ਼ਮੀਨ ਪੰਚਾਇਤ ਦੀ ਹੋਵੇ ਜਾਂ ਠੇਕੇਦਾਰ ਦੀ।

ਜੈਮਲ : ਠੇਕੇਦਾਰ ਦੀਆਂ ਬੇਈਮਾਨੀਆਂ ਨੂੰ ਨੰਗਾ ਕਰਨ ਦਾ ਇਹੋ ਮੌਕਾ ਹੈ।

ਮੇਜਰ : (ਬੇਪ੍ਰਵਾਹੀ ਨਾਲ) ਠੇਕੇਦਾਰ ਨੂੰ ਨੰਗਿਆਂ ਕਰਦਿਆਂ ਮੈਂ ਆਪ ਨਹੀਂ ਨੰਗਾ ਹੋ ਜਾਣਾ।

ਜੈਮਲ : ਇਹ ਤੂੰ ਕੀ ਪਿਆ ਕਹਿੰਦਾ ਏ ਮੇਜਰਾ।

ਕਰਮੀ : ਮੈਂ ਦੱਸਦੀ ਹਾਂ ਵੀਰਾ, ਇਹ ਕੀ ਪਿਆ ਕਹਿੰਦਾ ਏ।

ਮੇਜਰ : ਤੂੰ ਕੀ ਦੱਸਦੀ ਏ, ਤੈਨੂੰ ਕੀ ਪਤੈ ?

ਕਰਮੀ : ਮੈਨੂੰ ਕਿਉਂ ਨਹੀਂ ਪਤਾ ? ਵੀਰਾ ਰਾਤੀਂ ਠੇਕੇਦਾਰ ਆਇਆ ਸੀ।

ਜੈਮਲ : ਕੀ ਕਹਿੰਦਾ ਸੀ ?

ਕਰਮੀ : ਕਹਿੰਦਾ ਸੀ ਉਹ 200 ਰੁਪਏ ਜਿਹੜੇ ਉਸ ਵੇਲੇ ਦੇ ਬਕਾਇਆ ਰਹਿ ਗਏ ਸਨ ਉਹ ਲੈਣੇ ਨੇ, ਪੰਚਾਇਤ ਫੰਡ ਵਿਚ ਜਮ੍ਹਾਂ ਕਰਾਉਣੇ ਨੇ।

ਜੈਮਲ : ਪਹਿਲਾਂ ਤਾਂ ਉਹਨੇ ਛੋਟ ਕੀਤੀ ਸੀ।

ਕਰਮੀ : ਪਰ ਹੁਣ ਕਹਿੰਦਾ ਸੀ ਬਕਾਇਆ ਰਹਿੰਦੇ ਸਨ ਤੇ ਜਦੋਂ ਇਹਨਾਂ ਕਿਹਾ ਕਿ ਇਹਦੇ ਕੋਲ ਨਹੀਂ ਤੇ ਇਹਨੂੰ ਬਾਹਰ ਲੈ ਗਿਆ। ਮੈਨੂੰ ਤਾਂ ਉਦੋਂ ਹੀ ਖੁੱਟਕ ਗਈ ਕਿ ਦਾਲ ਵਿਚ ਕੁਝ ਕਾਲਾ ਏ।

ਮੇਜਰ : ਆਹੋ, ਇਹਨੂੰ ਅੱਗੇ ਹੀ ਖੁੱਟਕ ਗਈ ਸੀ, ਬੜੀ ਹੁਸ਼ਿਆਰ ਬਣਦੀ ਏ।

ਕਰਮੀ : ਤੇ ਫੇਰ ਜਦੋਂ ਇਹ ਘਰ ਵਾਪਸ ਆਇਆ ਤੇ ਇਹਨੇ ਰੱਜਕੇ ਪੀਤੀ ਹੋਈ ਸੀ। ਉੱਚੀ ਉੱਚੀ ਗਾਲ੍ਹਾਂ ਕੱਢ ਰਿਹਾ ਸੀ ਤੇ ਨਾਲ ਅਵਾ ਤਵਾ ਬੋਲ ਰਿਹਾ ਸੀ।

ਜੈਮਲ : ਕੀ ਅਵਾ ਤਵਾ ਬੋਲ ਰਿਹਾ ਸੀ ?

ਕਰਮੀ : ਮੈਂ ਕਿਸੇ ਨੂੰ ਆਪਣੇ ਘਰ ਨੀ ਵੜਣ ਦੇਣਾ। ਸਭ ਮੇਰੇ ਦੁਸ਼ਮਣ ਨੇ, ਮੇਰਾ ਝੋਨਾ ਸੜ ਗਿਆ ਏ, ਬੈਂਕ ਵਾਲੇ ਮੇਰੀ ਕੁਰਕੀ ਕਰਨਗੇ। ਮੈਂ ਜੇਲ੍ਹ ਚਲਿਆ ਜਾਵਾਂਗਾ। ਮੇਰੀ ਕਰਮੀ ਕੱਲੀ ਰਹਿ ਜਾਏਗੀ, ਫੇਰ ਐਰਾ ਗ਼ੈਰਾ ਮੇਰੇ ਘਰ ਆਇਆ ਕਰੂ।

ਮੇਜਰ : ਮੈਂ ਕਦੋਂ ਕਿਹਾ ਸੀ ?

ਕਰਮੀ : ਕਿਹਾ ਤਾਂ ਸੀ, ਮੈਂ ਕੋਈ ਆਪਣੇ ਕੋਲੋਂ ਥੋੜ੍ਹਾ ਕਹਿ ਰਹੀ ਹਾਂ।

ਮੇਜਰ : ਅੱਛਾ ਮੈਂ ਕਿਹਾ ਸੀ। ਹੁਣ ਵੀ ਕਵਾਂਗਾ, ਮੇਰੀ ਮਦਦ ਸਰਪੰਚ ਨੇ ਹੀ ਕਰਨੀ ਹੈ। ਮੇਰਾ ਝੋਨਾ ਸੜ ਗਿਆ ਏ। ਜ਼ਮੀਨ ਪੰਚਾਇਤ ਦੀ ਹੋਵੇ ਹਜ਼ਾਰਾ ਸਿੰਘ ਠੇਕੇਦਾਰ ਦੀ ਹੋਵੇ ਮੈਂ ਜੇਲ੍ਹ ਨਹੀਂ ਜਾਵਾਂਗਾ, ਜੇ ਮੈਂ ਜੇਲ੍ਹ ਚਲਾ ਗਿਆ ਹਰ ਕੋਈ ਜਣਾ ਖਣਾ ਥੈਲਾ ਚੁੱਕ ਮੇਰੇ ਘਰ ਆ ਵੜਿਆ ਕਰੇਗਾ, ਮੇਰਾ ਘਰ ਘਰ ਨਹੀਂ ਰਹੇਗਾ, ਕੰਜਰ ਖਾਨਾ ਬਣ ਜਾਏਗਾ। ਮੈਂ ਇਹ ਬਰਦਾਸ਼ਤ ਨਹੀਂ ਕਰਾਂਗਾ।

ਜੈਮਲ : ਬਾਈ ਮੇਜਰਾ, ਤੂੰ ਇਹ ਕੀ ਗੱਲਾਂ ਪਿਆ ਕਰਨਾ ਏਂ ?

ਕਰਮੀ : ਤੂੰ ਭਰਾਵਾ, ਇਹਨੂੰ ਕੁਝ ਨਾ ਕਹਿ। ਇਹ ਆਪ ਨਹੀਂ ਬੋਲਦਾ, ਇਹਦੇ ਵਿਚੋਂ ਠੇਕੇਦਾਰ ਪਿਆ ਬੋਲਦਾ ਏ ਰਾਤੀਂ ਇਹਨੇ ਉਹ ਉਹ ਗੱਲਾਂ ਕਹੀਆਂ ਤੇਰੇ ਬਾਰੇ, ਮੇਰੇ ਬਾਰੇ, ਜਿਹੜੀਆਂ ਕਹਿਣ ਵਾਲੀਆਂ ਨਹੀਂ ਸਨ। ਇਕ ਪਾਸੇ ਮੈਨੂੰ ਦਵਾਈਆਂ ਲਿਆ ਲਿਆ ਦੇਂਦਾ ਏ ਤੇ ਦੂਜੇ ਪਾਸੇ ਗੱਲਾਂ ਦੀ ਪੁੱਠੀ ਛੁਰੀ ਨਾਲ ਜ਼ਿਬਾਹ ਕਰਦਾ ਏ।

ਮੇਜਰ : ਤੂੰ ਕੁੱਤੀਏ ਰੰਨੇ ਬਾਜ ਨਹੀਂ ਆਏਂਗੀ ਗੱਲਾਂ ਕਰਨ ਤੋਂ।

*(ਮਾਰਨ ਨੂੰ ਹੱਥ ਚੁੱਕਦਾ ਹੈ, ਜੋ ਜੈਮਲ ਰੋਕ ਲੈਂਦਾ ਹੈ।)*

ਜੈਮਲ : ਓਏ ਮੇਜਰਾ ਜ਼ਰਾ ਹੋਸ਼ ਕਰ।

ਮੇਜਰ : ਮੈਨੂੰ ਹੋਸ਼ ਏ, ਤੂੰ ਤੀਵੀਂ ਮਰਦ ਵਿਚ ਬੋਲਣ ਵਾਲਾ ਕੌਣ ਏਂ। ਮੈਂ ਤਾਂ ਇਸ ਯਾਰਾਂ ਪਿੱਟੀ ਨੂੰ ਸਿੱਧਾ ਕਰ ਦੇਵਾਂਗਾ।

ਕਰਮੀ : ਵੀਰਾਂ ਤੂੰ ਚਲਿਆ ਜਾ, ਕਹਿ ਲਵੇ ਮੈਨੂੰ ਜੋ ਕਹਿਣਾ ਸੂ, ਪਰ ਮੈਂ ਬਰਦਾਸ਼ਤ ਨਹੀਂ ਕਰ ਸਕਦੀ ਕਿ ਤੇਰੇ ਬਾਰੇ ਕੋਈ ਉਂਗਲੀ ਚੁੱਕੇ।

ਜੈਮਲ : ਅੱਛਾ ਭਾਬੀ ਮੈਂ ਚੱਲਿਆ ਹਾਂ, ਇਸ ਵੇਲੇ ਕਮਲਾ ਹੋਇਆ ਏ, ਇਹਨੂੰ ਦੋਸਤ ਦੁਸ਼ਮਣ ਦੀ ਪਛਾਣ ਨਹੀਂ।

ਮੇਜਰ : ਹਾਂ ਹਾਂ ਮੈਂ ਕਮਲਾ ਹੋਇਆ ਹਾਂ, ਮੈਂ ਨਹੀਂ ਦੇਵਾਂਗਾ ਠੇਕੇਦਾਰ ਵਿਰੁੱਧ ਗਵਾਹੀ। ਮੇਰਾ ਇੰਜਨ ਸੜ ਗਿਆ ਏ, ਝੋਨਾ ਸੁੱਕ ਗਿਆ ਏ ਬੈਂਕ ਵਿਚੋਂ ਖਾਦ ਲਈ ਕਰਜ਼ਾ ਮੈਂ ਵਾਪਸ ਨਹੀਂ ਕਰ ਸਕਦਾ। ਬੈਂਕ ਵਾਲੇ ਮੇਰੀ ਕੁਰਕੀ ਕਰਨਗੇ ਮੈਨੂੰ ਜੇਲ੍ਹ ਭੇਜ ਦੇਣਗੇ। ਉਥੇ ਮੈਂ ਚੱਕੀ ਪੀਸਾਂਗਾ, ਮੈਂ ਕਮਲਾ ਹੋ ਗਿਆ ਹਾਂ। ਹੁਣ ਮੈਂ ਠੇਕੇ ਜਾਵਾਂਗਾ ਹੋਰ ਕਮਲਾ ਹੋ ਜਾਵਾਂਗਾ।

*(ਜਾਣ ਲਗਦਾ ਹੈ)*

ਕਰਮੀ : ਮੇਜਰਾ, ਰੁਕ ਜਾ ਤੈਨੂੰ ਮੇਰੇ ਸਿਰ ਦੀ ਸੌਂਹ ਰੁਕ ਜਾ।

ਮੇਜਰ : ਨਹੀਂ ਮੈਂ ਨਹੀਂ ਰੁਕਾਂਗਾ, ਤੂੰ ਅੰਦਰ ਜਾ (ਬਾਹੋਂ ਖਿੱਚਕੇ ਅੰਦਰ ਲਿਜਾਂਦਾ ਹੈ ਫੇਰ ਆਪ ਬਾਹਰ ਆਉਂਦਾ ਹੈ) ਹਾਂ ਮੈਂ ਆਪਣੀ ਇੱਜ਼ਤ ਦੀ ਆਪ ਰਖਵਾਲੀ ਕਰਾਂਗਾ ਕੀ ਹੋਇਆ ਜੇ ਮੇਰਾ ਝੋਨਾ ਸੜ ਗਿਆ ਏ, ਮੇਰੀ ਇੱਜ਼ਤ ਤਾਂ ਬਚੀ ਹੋਈ ਏ।

*(ਜਾਂਦਾ ਹੈ)*

### ਝਾਕੀ ਚੌਥੀ

(ਲਾਲਾ ਜੀ ਤੇ ਠੇਕੇਦਾਰ ਮੰਚ 'ਤੇ ਗੱਲਾਂ ਕਰਦੇ ਆਉਂਦੇ ਹਨ।)

ਲਾਲਾ : ਸਰਦਾਰ ਜੀ, ਸਾਡੀ ਭੰਡੀ ਕਰਦਾ ਸੀ, ਪਰ ਅਸੀਂ ਇਸ ਤਰ੍ਹਾਂ ਭੰਡਿਆ ਏ ਕਿ ਸਿਰ ਲੁਕਾਉਂਦਾ ਫਿਰਦਾ ਏ।

ਠੇਕੇਦਾਰ : ਹਾਲੀਂ ਤਾਂ ਲਾਲਾ ਜੀ ਤੁਸੀਂ ਅੱਗੇ ਵੇਖੋਗੇ ਕੀ ਹੁੰਦਾ ਏ, ਸਾਡੇ ਨਾਲ ਦੁਸ਼ਮਣੀ ਲੈ ਕੇ ਕੋਈ ਪਿੰਡ ਰਹਿ ਜਾਏ ਤਾਂ ਫੇਰ ਸਾਡਾ ਜੀਣ ਦਾ ਕੀ ਹੱਜ ਹੋਇਆ ਭਲਾ ?

ਲਾਲਾ : ਪਰ ਤੁਹਾਨੂੰ ਸੁੱਝੀ ਕਿਸ ਤਰ੍ਹਾਂ ?

ਠੇਕੇਦਾਰ : ਹੁਣ ਲਾਲਾ ਜੀ, ਜਦੋਂ ਦੀ ਪੰਚਾਇਤ ਵਾਲੀ ਉਸ ਜ਼ਮੀਨ ਦੀ ਚਰਚਾ ਛਿੜੀ, ਤਾਂ ਮੇਰਾ ਅਨੁਮਾਨ ਸੀ ਕਿ ਜ਼ਮੀਨ ਬਾਰੇ ਕਾਗਜ਼ਾਂ ਦੀ ਸੂਹ ਲੈਣ ਲਈ ਜੈਮਲ ਰਾਤੇ ਪ੍ਰਭਾਤੇ ਮੇਜਰ ਦੇ ਘਰੇ ਜ਼ਰੂਰ ਜਾਂਦਾ ਹੀ ਹੋਣਾ ਏ ਤੇ ਨਾਲੇ ਇਹ ਵੀ ਗੱਲ ਕਿਸੇ ਕੋਲੋਂ ਲੁੱਕਵੀਂ ਨਹੀਂ ਕਿ ਮੇਜਰ ਪੈਸੇ ਖੁਣੋਂ ਤੰਗ ਏ, ਬਸ ਗੱਲ ਉਡਾ ਦਿੱਤੀ।

ਲਾਲਾ : ਇਹਨੂੰ ਕਹਿੰਦੇ ਨੇ ਖੰਭਾਂ ਦੀ ਡਾਰ ਬਨਾਉਣਾ।

ਠੇਕੇਦਾਰ : ਹਾਲੇ ਤਾਂ ਖੰਭਾਂ ਦੀ ਇਕੋ ਡਾਰ ਬਣਾਈ ਏ। ਸੁਲਾਹ ਕਰ ਲਵੇ ਤਾਂ ਠੀਕ ਏ, ਨਹੀਂ ਤਾਂ ਪਿੰਡ ਰਹਿਣਾ ਬਿਲਕੁਲ ਹੀ ਮੁਸ਼ਕਲ ਕਰ ਦੇਵਾਂਗੇ।

ਲਾਲਾ : ਜੇ ਇਹ ਸਕੀਮ ਕਾਮਯਾਬ ਰਹੀ, ਫੇਰ ਤਾਂ ਪਿੰਡ ਦਾ ਕੋਈ ਬੰਦਾ ਉਹਨੂੰ ਮੂੰਹ ਨਹੀਂ ਲਗਾਏਗਾ।

ਠੇਕੇਦਾਰ : ਤੁਸੀਂ ਲਾਲਾ ਜੀ, ਹੁਣ ਖਾਦ ਵਿਚ ਮਿੱਟੀ ਮਿਲਾਓ ਜਾਂ ਤੇਲ ਵਿਚ ਕਾਲਾ ਤੇਲ, ਸਭ ਚਲੇਗਾ।

ਲਾਲਾ : ਆਹੋ ਸਰਦਾਰ ਜੀ ਪੰਚਾਇਤ ਦੀ ਜ਼ਮੀਨ ਆਪਣੀ ਬਣਾਓ, ਪੰਚਾਇਤ ਦੀ ਬਣਾਓ, ਕੋਈ ਨਹੀਂ ਬੋਲਣ ਲੱਗਾ।

ਠੇਕੇਦਾਰ : ਅਸੀਂ ਪੁਆੜੇ ਦੀ ਜੜ੍ਹ ਨੂੰ ਹੱਥ ਪਾ ਲਿਆ ਏ। ਉਂਝ ਲਾਲਾ ਜੀ, ਜੇ ਪੰਚਾਇਤ ਦੀ ਜ਼ਮੀਨ ਮੇਰੀ ਹੋ ਜਾਏ ਤਾਂ ਤੁਹਾਨੂੰ ਕੋਈ ਇਤਰਾਜ਼ ਏ?

ਲਾਲਾ : ਭਲਾ ਮੈਨੂੰ ਕਿਉਂ ਇਤਰਾਜ਼ ਹੋਵੇਗਾ? ਜੇ ਖਾਦ ਵਿਚ ਮਿਲੀ ਮਿੱਟੀ ਦਾ ਤੁਹਾਨੂੰ ਇਤਰਾਜ਼ ਨਹੀਂ ਹੁੰਦਾ। ਸਾਡੇ ਤੁਹਾਡੇ ਵਿਚ ਫ਼ਰਕ ਥੋੜਾ ਏ? (ਜੈਮਲ ਨੂੰ ਆਉਂਦਿਆਂ ਦੇਖਕੇ) ਲਓ ਆ ਰਿਹਾ ਜੇ ਤੁਹਾਡਾ ਦੁਸ਼ਮਣ।

ਠੇਕੇਦਾਰ : ਸਾਡਾ ਨਹੀਂ, ਤੁਹਾਡਾ ਵੀ ਏ (ਜੈਮਲ ਆਉਂਦਾ ਹੈ) ਸੁਣਾ ਬਈ ਜੈਮਲਾ ਕੀ ਹਾਲ ਏ? ਸੁਣਿਐ ਕਾਟੋ ਫੁੱਲਾਂ ਤੇ ਖੇਡਦੀ ਏ।

ਜੈਮਲ : ਹਾਂ ਸਰਪੰਚ ਜੀ ਫੁੱਲਾਂ 'ਤੇ ਹੀ ਖੇਡਦੀ ਏ, ਭਾਵੇਂ ਸ਼ਿਕਾਰੀ ਬੜੇ ਫਿਰਦੇ ਨੇ ਢੂੰਡਣ ਲਈ। ਤੁਹਾਡੀ ਜਾਣਕਾਰੀ ਲਈ ਪੰਚਾਇਤ ਦੀ ਜ਼ਮੀਨ ਵਾਲੀ ਸ਼ਕਾਇਤ ਪੰਚਾਇਤ ਅਫ਼ਸਰ ਕੋਲ ਪੁੱਜ ਗਈ ਏ, ਇਸ ਲਈ ਆਪਣੀ ਕਾਟੋ ਦਾ ਖਿਆਲ ਰੱਖਣਾ ਤੇ ਲਾਲਾ ਜੀ, ਖਾਦ ਦੇ ਸੈਂਪਲ ਉਤੇ ਪੁਚਾ ਦਿੱਤੇ ਗਏ ਨੇ।

ਲਾਲਾ : ਜੈਮਲ ਸਿਆਂ, ਭਾਈ ਅਸੀਂ ਤੇਰਾ ਕੀ ਵਿਗਾੜਿਆ, ਤੂੰ ਸਾਡੇ ਵਪਾਰ ਵਿਚ ਕਿਉਂ ਦਖ਼ਲ ਦੇਂਦਾ ਏਂ?

ਜੈਮਲ : ਇਹ ਵਪਾਰ ਨਹੀਂ ਲਾਲਾ ਜੀ, ਸਿੱਧੀ ਹੀ ਬੇਈਮਾਨੀ ਏ ਤੇ ਇਸੇ ਬੇਈਮਾਨੀ ਕਰਕੇ ਗਰੀਬ ਕਿਸਾਨਾਂ ਦੀ ਫ਼ਸਲ ਉਜੜ ਜਾਂਦੀ ਏ। ਬੰਦੇ ਕਮਲੇ ਹੋ ਜਾਂਦੇ ਨੇ।

ਠੇਕੇਦਾਰ : ਬੰਦੇ ਕਮਲੇ ਹੋ ਜਾਂਦੇ ਨੇ, ਕਿਉਂਕਿ ਉਹ ਇੰਜਨ ਵਿਚੋਂ ਸੜਿਆ ਤੇਲ ਨਹੀਂ ਬਦਲਦੇ।

ਜੈਮਲ : ਤੇਲ ਸੜਦਾ ਨਹੀਂ, ਪਹਿਲੇ ਦਿੱਤਾ ਹੀ ਸੜਿਆ ਹੋਇਆ ਹੁੰਦਾ ਹੈ।

ਠੇਕੇਦਾਰ : ਕੀ ਮਤਲਬ ?

ਜੈਮਲ : ਲਾਲਾ ਜੀ ਕੋਲੋਂ ਪੁੱਛੋ, ਇਹ ਡੀਜ਼ਲ ਦੀ ਥਾਂ ਸੜਿਆ ਹੋਇਆ ਤੇਲ ਕਿਉਂ ਵੇਚਦੇ ਨੇ।

ਲਾਲਾ : ਅਸੀਂ ਕਦੋਂ ਵੇਚਦੇ ਹਾਂ ?

ਜੈਮਲ : ਖਾਓ ਖਾਂ ਹਨੂੰਮਾਨ ਚਲੀਸੇ ਦੀ ਸੌਂਹ, ਜਿਸਦਾ ਰੋਜ਼ ਪਾਠ ਕਰਦੇ ਹੋ।

ਲਾਲਾ : ਭਲਾ ਧਰਮ ਦਾ ਵਪਾਰ ਨਾਲ ਕੀ ਤੁਅੱਲਕ ?

ਜੈਮਲ : ਆਹ ਧਰਮ ਦਾ ਤੁਅੱਲਕ ਤਾਂ ਇਹੋ ਵੇ ਕਿ ਲੋਕਾਂ ਦੇ ਕੰਨਾਂ ਵਿਚ ਘੰਟੀਆਂ ਦੀ ਟਨ ਟਨ ਪਾਓ, ਤਾਂ ਜੋ ਤੁਹਾਡੀਆਂ ਕਰਤੂਤਾਂ ਬਾਰੇ ਸੋਚਣ ਹੀ ਨਾ।

ਠੇਕੇਦਾਰ : ਲਾਲਾ ਜੀ ਤੁਸੀਂ ਇਸ ਨਾਲ ਕਿਉਂ ਬਹਿਸਦੇ ਹੋ। ਇਹਨੂੰ ਆਪਣਾ ਜੀ ਰਾਜੀ ਕਰ ਲੈਣ ਦਿਓ। ਉਤੋਂ ਤੱਕ ਸੈਂਪਲ ਪੁਚਾ ਆਉਣ ਦਿਓ। ਉਹਨਾਂ ਦਾ ਸਾਨੂੰ ਡਰ ਥੋੜ੍ਹਾ ਏ।

ਜੈਮਲ : ਆਹੋ ਉਤੇ ਵੀ ਤਾਂ ਤੁਹਾਡੇ ਬੰਦੇ ਇਕੱਠੇ ਹੋਏ ਨੇ, ਪਰ ਹਰ ਗੱਲ, ਹਰ ਵੇਲੇ ਲੋਕਾਂ ਕੋਲੋਂ ਨਹੀਂ ਛੁਪਾਈ ਜਾ ਸਕਦੀ।

ਠੇਕੇਦਾਰ : ਕਿਹੜੇ ਲੋਕ ? ਇਕ ਲੋਕ ਤਾਂ ਉਹ ਮੇਜਰ ਪਿਆ ਆਉਂਦਾ ਏ। ਉਹਨੂੰ ਪੁੱਛ ਕੇ ਦੇਖ ਲੈ, ਕੀ ਬੋਲਦਾ ਏ। ਜ਼ਿਲ੍ਹਾ ਪੰਚਾਇਤ ਅਫ਼ਸਰ ਕੀ ਕਰ ਸਕਦੈ, ਜਦ ਮੇਜ਼ਰ ਮੇਰੇ ਹੱਕ ਵਿਚ ਏ। ਗਵਾਹੀ ਤਾਂ ਉਹਨੇ ਹੀ ਦੇਣੀ ਏ। (ਮੇਜਰ ਆਉਂਦਾ ਹੈ, ਉਹਨੇ ਥੋੜ੍ਹੀ ਪੀਤੀ ਹੋਈ ਏ)

ਮੇਜਰ : ਮੈਂ ਗਵਾਹੀ ਦੇਵਾਂਗਾ, ਜ਼ਰੂਰ ਦੇਵਾਂਗਾ, ਠੋਕ ਕੇ ਦੇਵਾਂਗਾ।

ਜੈਮਲ : ਕੀ ਗਵਾਹੀ ਦੇਵੇਂਗਾ ?

ਮੇਜਰ : ਦੱਸਾਂ ਕਿ ਇਹ ਇਸ ਪਿੰਡ ਦੀ ਖੁਸ਼ਕਿਸਮਤੀ ਏ ਕਿ ਇਹਦਾ ਸਰਪੰਚ ਠੇਕੇਦਾਰ ਹਜ਼ਾਰਾ ਸਿੰਘ ਵਰਗਾ ਇਮਾਨਦਾਰ ਬੰਦਾ ਏ, ਗਰੀਬਾਂ ਦੀ ਸਹਾਇਤਾ ਕਰਨ ਵਾਲਾ ਪਹਿਲੇ 200 ਦੀ ਛੋਟ ਕਰ ਕੇ ਦੇਂਦਾ ਏ ਤੇ ਫੇਰ ਬਕਾਇਆ ਮੰਗਣ ਲੱਗ ਪੈਂਦਾ ਏ, ਫੇਰ ਦਸਖ਼ਤ ਕਰਵਾਕੇ ਉਹ ਵੀ ਛੱਡ ਦੇਂਦਾ ਏ। ਇਹ ਲਾਲਾ ਦੀਨ ਦਿਆਲ ਨੇ, ਬੜੇ ਦਿਆਲੂ ਨੇ, ਤੇਲ ਵੀ ਖਰਾ ਵੇਚਦੇ ਨੇ ਤੇ ਖਾਦ ਵੀ ਸ਼ੁੱਧ ਵੇਚਦੇ ਨੇ। ਇਹ ਦੋਨੋਂ ਬੜੇ ਨੇਕ ਬੰਦੇ। ਗੁਰਦੁਆਰੇ ਸਪੀਕਰ ਵੀ ਇਹਨਾਂ ਦੀ ਮੇਹਰਬਾਨੀ ਕਰਕੇ ਵਜਦੇ ਨੇ, ਮੰਦਰ ਘੰਟੀਆਂ ਵੀ ਇਹਨਾਂ ਕਰਕੇ ਹੀ ਵੱਜਦੀਆਂ ਨੇ।

ਜੈਮਲ : ਮੇਜਰਾ ਹੋਸ਼ ਕਰ।

ਮੇਜਰ : ਮੈਂ ਪੂਰੀ ਹੋਸ਼ ਵਿਚ ਹਾਂ, ਮੈਨੂੰ ਪਹਿਲੇ ਹੋਸ਼ ਨਹੀਂ ਸੀ। ਹੁਣ ਹੋਸ਼ ਆ

ਗਈ ਏ। ਸਾਰੀ ਖੇਡ ਹੀ ਪੈਸੇ ਦੀ ਏ। ਜੀਹਦੇ ਕੋਲ ਪੈਸਾ ਹੋਵੇ, ਉਹਦੀ ਖੇਡ ਪੁੱਗ ਜਾਂਦੀ ਏ। ਠੇਕੇਦਾਰ ਹੋਰਾਂ ਕੋਲ ਪੈਸਾ ਏ, ਲਾਲਾ ਜੀ ਕੋਲ ਪੈਸਾ ਏ ਇਹਨਾਂ ਦੀ ਬਾਜ਼ੀ ਸਿੱਧੀ, ਸਾਡੀ ਬਾਜ਼ੀ ਪੁੱਠੀ। ਇਹਨਾਂ ਦੇ ਇੰਜਨ ਚਲਦੇ ਨੇ ਸਾਡੇ ਇੰਜਨ ਸੜ ਗਏ ਨੇ।

ਜੈਮਲ : ਮੇਜਰਾ ਬਾਈ ਹੌਂਸਲਾ ਕਰ।

ਮੇਜਰ : ਨਹੀਂ ਮੈਂ ਤੇਰਾ ਬਾਈ ਨਹੀਂ, ਮੈਂ ਕਿਸੇ ਦਾ ਬਾਈ ਨਹੀਂ।

*(ਕਰਮੀ ਆਉਂਦੀ ਹੈ)*

ਕਰਮੀ : ਕਿਉਂ ਤੂੰ ਕਿਸੇ ਦਾ ਬਾਈ ਕਿਉਂ ਨਹੀਂ ? ਇਹ ਜੈਮਲ ਐ, ਤੇਰਾ ਬਾਈ। ਯਾਦ ਈ, ਤੂੰ ਏਹਨੂੰ ਇਕ ਵਾਰ ਕਿਹਾ ਸੀ ਕਿ ਬਾਈ ਜੈਮਲਾ ਜੇ ਸਮਾਂ ਆਇਆ ਤਾਂ ਮੈਂ ਪਿੱਛੇ ਨਹੀਂ ਰਹਾਂਗਾ ਸੱਚ ਵਾਲਾ ਝੰਡਾ ਪਹਿਲਾਂ ਚੁੱਕਾਂਗਾ।... ਮੈਂ ਕਹਿੰਦੀ ਆਂ ਆਪਣੇ ਉਸ ਆਪੇ ਦੀ ਆਵਾਜ਼ ਨੂੰ ਸੁਣ ਜਿਸਦਾ ਇਹ ਪੈਸੇ ਵਾਲੇ ਲੋਕ ਸੌਦਾ ਕਰਨਾ ਚਾਹੁੰਦੇ ਨੇ।

ਠੇਕੇਦਾਰ : ਮੇਜਰਾ ਇਹਨੂੰ ਮਨ੍ਹਾਂ ਕਰ, ਐਵੇਂ ਖਾਹ-ਮਖਾਹ ਸਾਡੀ ਬੇਜ਼ਤੀ ਕਰੀ ਜਾਂਦੀ ਐ।

ਲਾਲਾ : ਅਸੀਂ ਵੱਡੀਆਂ-2 ਬੇਇੱਜ਼ਤੀਆਂ ਬਰਦਾਸ਼ਤ ਕੀਤੀਆਂ ਨੇ ਪਰ ਇਹ ਤੀਵੀ ਸਾਡੀ ਬੇਇੱਜ਼ਤੀ ਕਰੇ ਇਹ ਸਾਡੇ ਬਰਦਾਸ਼ਤ ਤੋਂ ਬਾਹਰ ਏ।

ਕਰਮੀ : ਹਾਂ, ਸੱਚੀ ਗੱਲ ਤਾਂ ਬਰਦਾਸ਼ਤ ਤੋਂ ਬਾਹਰ ਹੁੰਦੀ ਏ ਤੁਸੀਂ ਇਲਜ਼ਾਮ ਲਗਾਉਂਦੇ ਓ ਇਸ 'ਤੇ ਸੱਚੇ-ਸੁੱਚੇ ਜੈਮਲ 'ਤੇ ? ਜੁੱਤੀ ਦੇ ਬਰਾਬਰ ਵੀ ਨਹੀਂ ਤੁਸੀਂ।

ਠੇਕੇਦਾਰ : ਮੇਜਰਾ ਤੂੰ ਵੇਂਹਦਾ ਪਿਆ ਏਂ, ਇਹ ਸਭ ਕੁਝ ਕੀ ਹੁੰਦਾ ਪਿਆ, ਇਹਨੂੰ ਚੁੱਪ ਕਿਉਂ ਨਹੀਂ ਕਰਾਉਂਦਾ।

*(ਮੇਜਰ ਸਾਰਿਆਂ ਵੱਲ ਵੇਖਦਾ ਹੈ।)*

ਠੇਕੇਦਾਰ : ਚੁੱਪ ਕਿਉਂ ਕਰ ਗਿਆਂ ਬੋਲਦਾ ਕਿਉਂ ਨਹੀਂ ?

ਮੇਜਰ : ਇਹਨੂੰ ਕਿਉਂ ਚੁੱਪ ਕਰਾਵਾਂ, ਇਹ ਸੱਚ ਆਖਦੀ ਏ ਕਿ ਤੁਸੀਂ ਚੰਗੇ ਬੰਦੇ ਨਹੀਂ। ਜੇ ਮੇਰਾ ਇੰਜਨ ਨਾ ਸੜਿਆ ਹੁੰਦਾ ਤਾਂ ਮੈਂ ਵੀ ਇਹੋ ਗੱਲ ਕਹਿਣੀ ਸੀ। (ਜੈਮਲ ਵੱਲ) ਮੈਨੂੰ ਮੁਆਫ਼ ਕਰ ਬਾਈ ਜੈਮਲਾ, ਜਦੋਂ ਕਿਸੇ ਦਾ ਇੰਜਨ ਸੜ ਜਾਏ ਝੋਨਾ ਪਾਣੀ ਖੁਣੋ ਮਰ ਜਾਏ ਤਾਂ ਬੰਦਾ ਹਾਰ ਜਾਂਦੈ ਮੈਂ ਹਾਰ ਗਿਆਂ ਬਾਈ ਜੈਮਲਾ ਮੈਨੂੰ ਮੁਆਫ਼ ਕਰਦੇ, ਮੈਂ ਹਾਰ ਗਿਆ।

ਜੈਮਲ : ਨਹੀਂ ਮੇਜਰਾ ਹਾਰਿਆ ਤੂੰ ਨਹੀਂ ਹਾਰੇ ਇਹ ਨੇ।

ਮੇਜਰ : ਕਰਮੀਏ, ਤੂੰ ਇਕ ਗੀਤ ਗਾਉਂਦੀ ਹੁੰਦੀ ਏ ਨਾ–
ਉੱਚੀਆਂ ਹਵੇਲੀਆਂ ਤੇ ਤਾਜਾਂ ਵਿਚ ਜੜੀ ਸਾਡੀ,
ਚਾਵਾਂ ਅਤੇ ਸਧਰਾਂ ਦੀ ਲੋਅ
ਰਾਠਾਂ ਦੇ ਚੇਹਰਿਆਂ ਤੇ ਸੂਹੀ ਲਾਲੀ ਹਾੜ੍ਹਾ
ਨੂਰ ਸਾਡੀਆਂ ਕਿਰਤਾਂ ਦਾ ਹੋ।
ਇਹ ਸੱਚਾ ਗੀਤ ਏ ਤੇ ਦੂਜਾ
"ਸਾਡਿਆਂ ਤਾਂ ਸਬਰਾਂ ਦੇ ਭਰ ਗਏ ਪਿਆਲੇ
ਹੁਣ ਹੱਕ ਅਸੀਂ ਲੈਣੇ ਖੋਹ।"

ਜੈਮਲ : ਆਇਆ ਯੁੱਗ ਚੇਤਨਾ ਦਾ,
ਕੱਖ–ਕੱਖ ਕੁਲੀਆਂ ਦਾ ਸਰਗੀ ਦੀ ਲਾਲੀ ਰਹੀ ਧੋਅ।

*(ਸਮਾਪਤ)*